# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
## (ਰਜਿਸਟ੍ਰੇਸ਼ਨ ਸ਼ਾਖਾ)

ਵਲੋਂ:-
ਰਜਿਸਟਰਾਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

1. ਯੂਨੀਵਰਸਿਟੀ ਟੀਚਿੰਗ ਵਿਭਾਗਾਂ ਦੇ ਸਮੂਹ ਮੁਖੀ ਸਾਹਿਬਾਨ।

2. ਇਸ ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ।

3. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਜਲੰਧਰ ।

4. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਗੁਰਦਾਸਪੁਰ ।

5. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸੁਲਤਾਨਪੁਰ ਲੋਧੀ।

6. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸਠਿਆਲਾ (ਬਾਬਾ ਬਕਾਲਾ) ।

7. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ।

8. ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿਲ ਮੈਮੋਰੀਅਲ ਕਾਲਜ, ਮੁਕੰਦਪੁਰ ।

9. ਪ੍ਰਿੰਸੀਪਲ, ਸ਼ਹੀਦ ਰਾਮ ਸਿੰਘ ਪਠਾਣੀਆਂ ਮੈਮੋਰੀਅਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਿਆੜੀ (ਗੁਰਦਾਸਪੁਰ)।

10. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ ।

11. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ-ਤਾਰਨ ।

12. ਪ੍ਰਿੰਸੀਪਲ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ ।

13. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ, ਜੈਮਲ ਸਿੰਘ, ਗੁਰਦਾਸਪੁਰ ।

14. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ, ਤਰਨਤਾਰਨ ।

15. ਇਸ ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਸੰਸਥਾਵਾਂ ਦੇ ਕੋ-ਆਰਡੀਨੇਟਰ ਸਾਹਿਬਾਨ

**ਨੰਬਰ** :2515-2815/**ਰਜਿ** **ਮਿਤੀ** :3-6-2016

**ਰਜਿਸਟਰਡ**

**ਵਿਸ਼ਾ:- ਸੈਸ਼ਨ 2016-17 ਦੌਰਾਨ ਵੱਖ-ਵੱਖ ਕਲਾਸਾਂ ਵਿਚ ਵਿਦਿਆਰਥੀਆਂ ਨੂੰ ਦਾਖਲ ਕਰਦੇ ਸਮੇਂ ਧਿਆਨ ਦੇਣ ਯੋਗ ਹਦਾਇਤਾਂ।**

ਸ੍ਰੀਮਾਨ ਜੀ / ਮੈਡਮ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਦਮਿਕ ਸੈਸ਼ਨ ਦੇ ਪਹਿਲੇ ਸਮੈਸਟਰ ਦੀਆਂ ਕਲਾਸਾਂ 11 ਜੁਲਾਈ 2016 ਤੋਂ ਸ਼ੁਰੂ ਹੋਣੀਆ ਹਨ ।ਇਸ ਸੈਸ਼ਨ ਦੇ ਦਾਖਲਿਆਂ ਨੂੰ ਸੁਚਾਰੂ ਬਣਾਉਣ ਅਤੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਵਿਚ ਤੇਜੀ ਲਿਆਉਣ ਵਾਸਤੇ ਦਾਖਲਾ ਪ੍ਰਦਾਨ ਕਰਦੇ ਸਮੇਂ ਰਜਿਸਟ੍ਰੇਸ਼ਨ ਰਿਟਰਨਾਂ ਅਤੇ ਹੋਰ ਦਸਤਾਵੇਜ ਆਦਿ ਭੇਜਣ ਦੇ ਮੌਕੇ ਹੇਠ ਲਿਖੇ ਅਨੁਸਾਰ ਧਿਆਨ ਦੇਣ ਦੀ ਜਰੂਰਤ ਹੋਵੇਗੀ:-

(ੳ) ਕਾਲਜਾਂ ਲਈ ਵਿਸ਼ੇਸ਼ ਧਿਆਨ ਦੇਣ ਹਿਤ:-

1. **ਇਸ ਵਿਭਾਗ ਦੇ ਪੱਤਰ ਨੰ: 6357-6606/ਰਜਿ ਮਿਤੀ 23-9-14 ਅਨੁਸਾਰ ਉਚ ਅਧਿਕਾਰੀ ਸਾਹਿਬਾਨ ਵਲੋਂ ਹੋਏ ਆਦੇਸ਼ਾਂ ਮੁਤਾਬਿਕ +2 ਦੇ ਆਧਾਰ ਤੇ ਪੰਜਾਬ ਬੋਰਡ, ਸੀ.ਬੀ.ਐਸ.ਸੀ. ਅਤੇ ਆਈ.ਸੀ.ਐਸ.ਈ ਬੋਰਡ ਨਾਲ ਸਬੰਧਤ ਵਿਦਿਆਰਥੀਆਂ ਨੂੰ ਅੰਡਰ ਗਰੇਜੂਏਟ ਕਲਾਸਾਂ ਵਿਚ ਅਤੇ ਗਰੇਜੂਏਸ਼ਨ ਦੇ ਆਧਾਰ ਤੇ ਪੋਸਟ-ਗਰੇਜੂਏਟ ਕਲਾਸਾਂ ਵਿਚ ਦਾਖਲ ਕਰਨ ਸਮੇਂ ਪਾਤਰਤਾ ਚੈਕ (ਨਾਮ, ਪਿਤਾ ਦਾ ਨਾਮ, ਮਾਤਾ ਦਾ ਨਾਮ, ਲੋਅਰ ਕਲਾਸ ਵਿਚ ਮਾਰਕਸ, ਨਤੀਜਾ, ਰੋਲ ਨੰਬਰ ਅਤੇ ਕੈਟਾਗਰੀ) ਕਰਨ ਦੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ ।** ਸਬੰਧਤ ਕਾਲਜਾ ਵਲੋਂ ਜਿਹੜੀ ਰਿਟਰਨ ਭੇਜੀ ਜਾਵੇਗੀ ਉਸ ਵਿਚ ਹਰ ਪੰਨੇ ਤੇ ਹਰ ਵਿਦਿਆਰਥੀ ਦੇ ਅੱਗੇ ਪਾਤਰਤਾ ਚੈਕ ਲਿਖਿਆ ਜਾਵੇਗਾ । ਇਸ ਦਾ ਅਰਥ ਹੈ ਕਿ ਕਾਲਜ ਵਲੋਂ ਵਿਦਿਆਰਥੀ ਦੀ ਪਾਤਰਤਾ ਹਰ ਪੱਖੋ ਚੈਕ ਕਰਵਾਈ ਹੈ ਅਤੇ ਸਹੀ ਹੈ ।

2. ਸਮੈਸਟਰ ਪ੍ਰੀਖਿਆ ਦੀਆਂ ਜੋ ਕਟ ਲਿਸਟਾਂ ਪ੍ਰੀਖਿਆਂ ਸ਼ੁਰੂ ਹੋਣ ਤੋਂ ਪਹਿਲਾਂ ਰਜਿਸ਼ਟਰੇਸ਼ਨ ਬ੍ਰਾਂਚ ਵੱਲੋਂ ਤਸਦੀਕ ਕਰਨ ਲਈ ਕਾਲਜਾਂ ਨੂੰ ਭੇਜੀਆਂ ਜਾਂਦੀਆ ਹਨ । **ਕਾਲਜ Updated ਕੱਟ ਲਿਸਟਾਂ ਸਮੇਂ ਸਿਰ ਨਹੀ ਭੇਜਦੇ ਜਿਸ ਕਾਰਨ ਬਹੁਤ ਗਲਤੀਆਂ ਹੁੰਦੀਆਂ ਹਨ । ਕਾਲਜਾਂ ਵਲੋਂ ਤਸਦੀਕ ਕਰਨ ਉਪਰੰਤ ਕੱਟ ਲਿਸਟਾਂ 31 ਜਨਵਰੀ ਤੱਕ ਹਰ ਹਾਲਤ ਵਿੱਚ ਰਜਿਸਟਰੇਸ਼ਨ ਸ਼ਾਖਾ ਨੂੰ ਵਾਪਸ ਭੇਜੀਆਂ ਜਾਣ ਤਾਂ ਜੋ Data Update ਕਰਕੇ ਨਤੀਜੇ ਸਮੇਂ ਸਿਰ ਘੋਸ਼ਿਤ ਕੀਤੇ ਜਾਣ ਸਕਣ । ਕਾਲਜ ਵੱਲੋਂ ਕੱਟ ਲਿਸਟਾਂ ਸਮੇਂ ਸਿਰ ਨਾ ਭੇਜਣ ਦੀ ਸੂਰਤ ਵਿੱਚ ਵੀ.ਸੀ ਸਾਹਿਬ ਜੀ ਆਦੇਸ਼ ਮੁਤਾਬਿਕ (7866//V.C dated 22-4-16 ) ਨਤੀਜੇ ਰੋਕ ਲਏ ਜਾਣਗੇ ਅਤੇ ਸਬੰਧਤ ਕਾਲਜ ਕੋਲੋ ਪ੍ਰਤੀ ਕਲਾਸ 2000/- ਰੁਪਏ ਜੁਰਮਾਨੇ ਨਾਲ ਕੱਟ ਲਿਸਟ ਪ੍ਰਾਪਤ ਕੀਤੀ ਜਾਵੇਗੀ ।**

**3.** ਸੀ.ਬੀ.ਐਸ.ਈ./ਆਈ.ਸੀ.ਐਸ.ਈ. ਦੇ ਵਿਦਿਆਰਥੀ (ਕਾਲਜਾਂ ਰਾਹੀ) ਪਹਿਲਾਂ ਵਾਂਗ ਯੂਨੀਵਰਸਿਟੀ ਵਲੋਂ ਨਿਰਧਾਰਿਤ ਪਾਤਰਤਾ ਫਾਰਮ ਅਤੇ ਫੀਸ ਭਰਨਗੇ ਅਤੇ ਆਪਣਾ ਮਾਈਗ੍ਰੇਸ਼ਨ ਸਰਟੀਫਿਕੇਟ ਫਾਰਮ ਦੇ ਨਾਲ ਯੂਨੀਵਰਸਿਟੀ ਜਮਾਂ ਕਰਵਾਉਣਗੇ, ਉਹਨਾਂ ਦੇ ਸਰਟੀਫਿਕੇਟ ਚੈਕ ਕਰਨ ਦੀ ਜਿੰਮੇਵਾਰੀ ਕਾਲਜ ਦੀ ਹੀ ਰਹੇਗੀ । **ਕੇਵਲ ਬਾਹਰਲੀ ਸਟੇਟ (ਪੰਜਾਬ ਤੋਂ ਬਾਹਰ ਵਾਲੇ ਵਿਦਿਆਰਥੀ) ਦੇ ਪਾਤਰਤਾ ਫਾਰਮ ਅਤੇ ਅਸਲ ਦਸਤਾਵੇਜ ਯੂਨੀਵਰਸਿਟੀ ਨੂੰ ਭੇਜੇ ਜਾਣਗੇ ਅਤੇ ਇਸ ਦੀ ਇਲਜੀਬਿਲਟੀ ਰਜਿਸਟਰੇਸ਼ਨ ਬ੍ਰਾਂਚ ਵਲੋਂ ਕੀਤੀ ਜਾਵੇਗੀ ।** ਪਾਤਰਤਾ ਫਾਰਮ ਦੇ ਨਾਲ 'ਅ' ਰਿਟਰਨ ਨਾਲ ਸਬੰਧਿਤ ਦੂਜੇ ਰਾਜਾਂ ਦੇ ਦਾਖਲ ਕੀਤੇ ਵਿਦਿਆਰਥੀਆਂ ਦੀ ਲਿਸਟ ਦੀ ਇਕ ਕਾਪੀ ਕਲਾਸ ਤੇ ਰੋਲ ਨੰਬਰ ਵਾਈਜ ਨਾਲ ਨੱਥੀ ਕਰਕੇ ਇਲਜੀਬਿਲਟੀ ਸੈਕਸ਼ਨ ਨੂੰ ਭੇਜੀ ਜਾਵੇ । ਵਿਦਿਆਰਥੀਆਂ ਨੂੰ ਦਾਖਲ ਕਰਦੇ ਸਮੇਂ ਯੂਨੀਵਰਸਿਟੀ ਵਲੋਂ ਜਾਰੀ ਕੀਤੀ ਗਈ "Eligibility Criteria Booklet " ਵਿਚਲੀਆਂ ਹਦਾਇਤਾਂ ਨੂੰ ਵਾਚਣ ਉਪਰੰਤ ਹੀ ਦਾਖਲਾ ਕੀਤਾ ਜਾਵੇ ।

**4.** ਜਿਹੜੇ ਵਿਦਿਆਰਥੀਆਂ ਦਾ **10+2** ਤੋਂ ਬਾਅਦ ਸੈਸ਼ਨ 2015 ਤੋਂ ਗੈਪ ਹੈ (PSEB ਦੇ ਵਿਦਿਆਰਥੀਆਂ ਲਈ ਸੈਸ਼ਨ ਅਪ੍ਰੈਲ/**2012** ਤੋਂ ਪਹਿਲਾਂ ਦੇ), ਉਹਨਾਂ ਦੇ ਸਰਟੀਫਿਕੇਟ ਯੂਨੀਵਰਸਿਟੀ ਨੂੰ ਸਿੱਧੇ ਭੇਜੇ ਜਾਣ । ਜਿਹੜੇ ਵਿਦਿਆਰਥੀ ਸੀ. ਬੀ. ਐਸ. ਈ./ ਆਈ.ਸੀ.ਐਸ.ਈ. ਅਤੇ ਹੋਰ ਬੋਰਡ ਤੋਂ ਪਾਸ ਪ੍ਰੀਖਿਆ ਦੇ ਆਧਾਰ ਤੇ ਦਾਖਲਾ ਲੈਂਦੇ ਹਨ ਅਤੇ **ਜਿਨ੍ਹਾਂ ਵਿਦਿਆਰਥੀਆਂ ਦਾ +2 ਤੋਂ ਬਾਅਦ ਸੈਸ਼ਨ 2015 ਤੋਂ ਗੈਪ ਹੈ ਉਹਨਾਂ ਦੇ +2 ਨਤੀਜਾ ਕਾਰਡ, ਮਾਈਗ੍ਰੇਸ਼ਨ ਸਰਟੀਫਿਕੇਟ, ਪਾਤਰਤਾ ਫਾਰਮ ਅਤੇ ਪਾਤਰਤਾ ਫੀਸ ਯੂਨੀਵਰਸਿਟੀ ਨੂੰ ਭੇਜਣੇ ਹੋਣਗੇ।**ਇਸ ਤੋਂ ਇਲਾਵਾ ਕਿਸੇ ਵੀ ਵਿਦਿਆਰਥੀ ਦੀ ਪਾਤਰਤਾ ਲਈ ਕੋਈ ਵੀ ਸਪਸ਼ਟੀਕਰਨ ਚਾਹੀਦਾ ਹੋਵੇ ਤਾਂ ਰਜਿਸਟ੍ਰੇਸ਼ਨ ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

5. ਦਾਖਲ ਕੀਤੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰਿਟਰਨ ਤੇ ਲੋਅਰ ਕਲਾਸ ਦੇ ਬੋਰਡ ਸਰਟੀਫਿਕੇਟ ਅਨੁਸਾਰ ਨਾਮ ਆਦਿ ਦੇ ਵੇਰਵੇ ਚੈਕ ਕਰਕੇ ਭੇਜਣ ਦੀ ਸਾਰੀ ਜਿੰਮੇਵਾਰੀ ਕਾਲਜ ਦੀ ਹੋਵੇਗੀ ਅਤੇ ਜੇਕਰ ਕੋਈ ਵੀ ਗਲਤੀ ਪਾਈ ਜਾਂਦੀ ਹੈ ਤਾਂ ਸੋਧ ਸਲਿਪ ਜਾਰੀ ਕਰਨ ਲਈ ਕਾਲਜ ਪਾਸੋਂ ਸਿੰਡੀਕੇਟ ਦੀ ਇਕੱਤਰਤਾ ਮਿੱਤੀ 11-3-2011 ਮੱਦ ਨੰ 42 ਅਨੁਸਾਰ 500/- ਰੁਪਏ ਪ੍ਰਤੀ ਵਿਦਿਆਰਥੀ/ਵਿਦਿਆਰਥਣ ਪੀਨਲ ਫੀਸ ਵਸੂਲ ਕੀਤੀ ਜਾਵੇਗੀ । ਰਿਟਰਨ ਵਿਚ +2 ਕਲਾਸ ਦਾ ਰੋਲ ਨੰਬਰ ਸਹੀ Digit ਵਿਚ ਪਾਇਆ ਜਾਵੇ ਤਾਂ ਜੋ Gap Year ਵਾਲੇ ਵਿਦਿਆਰਥੀਆਂ ਦਾ +2 ਦਾ ਗਜ਼ਟ ਚੈੱਕ ਕਰਨ ਲੱਗਿਆ ਮੁਸਕਿਲ ਨਾ ਆਵੇ।

**6. ਵਿਸ਼ੇਸ਼ ਧਿਆਨਯੋਗ ਨੋਟ:** ਜਿਹੜੇ ਵਿਦਿਆਰਥੀ ਆਪਣੀ ਗ੍ਰੈਜੂਏਸ਼ਨ ਲੇਟਰਲ ਐਂਟਰੀ ਜਾਂ ਡਿਸਟੈਂਸ ਐਜੂਕੇਸ਼ਨ ਸਕੀਮ ਅਧੀਨ ਪਾਸ ਕਰਦੇ ਹਨ ਇਸ ਯੂਨੀਵਰਸਿਟੀ ਵਿਚ ਹਾਇਰ ਕਲਾਸ ਭਾਵ ਐਮ.ਏ./ਐਮ.ਐਸ.ਸੀ/ਪੀ.ਜੀ. ਡਿਪਲੋਮਾ/ਬੀ.ਐਡ ਜਾਂ ਕਿਸੇ ਪੋਸਟ ਗ੍ਰੈਜੂਏਸ਼ਨ ਵਿਚ ਦਾਖਲਾ ਲੈਂਦੇ ਹਨ ਉਹ ਪਹਿਲਾਂ ਜਨਰਲ ਬਰਾਂਚ ਦੇ **Equivalency Section** ਕੋਲੋਂ ਇਕ ਐਪਲੀਕੇਸ਼ਨ ਨਾਲ 300/- ਰੁਪਏ ਫੀਸ ਨਾਲ **Equivalency Certificate** ਪ੍ਰਾਪਤ ਕਰਨ ਤੇ ਹੀ ਪੋਸਟ ਗ੍ਰੈਜੂਏਸ਼ਨ ਵਿਚ ਦਾਖਲਾ ਪ੍ਰਾਪਤ ਕਰਨਗੇ, ਅਗਰ ਕਾਲਜ ਬਿਨ੍ਹਾਂ **Equivalency Certificate/Letter** ਤੋਂ **Lateral Entry/Distance Education** ਵਾਲੇ ਵਿਦਿਆਰਥੀਆਂ ਨੂੰ ਦਾਖਲਾ ਦਿੰਦਾ ਹੈ ਤੇ **Equivalency** ਦਾ ਲੰਬਾ ਸਮਾਂ ਹੋਣ ਕਰਕੇ **ਸ਼ੈਸ਼ਨ ਦੇ ਖਤਮ ਹੋਣ ਤੇ ਦਾਖਲਾ ਰੱਦ ਕੀਤਾ ਜਾਂਦਾ ਹੈ ਅਤੇ ਉਸ ਉਪਰੰਤ ਕੋਰਟ ਕੇਸ ਹੁੰਦੇ ਹਨ ਤਾਂ ਇਸ ਦੀ ਜਿੰਮੇਵਾਰੀ ਸਾਰੀ ਸਬੰਧਤ ਕਾਲਜ ਦੀ ਹੋਵੇਗੀ ਨਾ ਕਿ ਯੂਨੀਵਰਸਿਟੀ ਦੀ** । ਇਸ ਤੋਂ ਇਲਾਵਾ ਅਗਰ ਕੋਈ ਵਿਦਿਆਰਥੀ ਇਹ ਸਰਟੀਫਿਕੇਟ ਪ੍ਰਾਪਤ ਨਹੀਂ ਕਰਦਾ ਤੇ ਦਾਖਲਾ ਪ੍ਰਾਪਤ ਕਰ ਲੈਂਦਾ ਹੈ ਤੇ ਉਹ ਅਯੋਗ ਪਾਇਆ ਜਾਂਦਾ ਹੈ ਤਾਂ ਜਿੰਮੇਵਾਰੀ ਸਬੰਧਤ ਕਾਲਜ ਦੀ ਆਪਣੀ ਹੋਵੇਗੀ ਨਾ ਕਿ ਯੂਨੀਵਰਸਿਟੀ ਦੀ । **ਜਿਹੜੇ ਵਿਦਿਆਰਥੀ ਪ੍ਰਾਈਵੇਟ ਯੂਨੀਵਰਸਿਟੀਆਂ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕਰਦੇ ਹਨ ਉਹਨਾਂ ਪਾਸੋ ਲੋੜੀਂਦੇ ਸਰਟੀਫਿਕੇਟਾਂ ਦੇ ਨਾਲ ਨਾਲ Regular Mode in main Campus ਦਾ ਸਰਟੀਫਿਕੇਟ ਵੀ ਲਿਆ ਜਾਵੇ। ਕਿਉਂਕਿ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਅਨੁਸਾਰ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ OFF CAMPUS ALLOWED ਨਹੀ ਹਨ। ਯੂਨੀਵਰਸਿਟੀ ਵੈਬਸਾਇਟ www.gndu.ac.in with general branch desk ਤੋ ਬਾਹਰਲੀਆਂ ਯੂਨੀਵਰਸਿਟੀਆਂ ਦੀ ਸਮਾਨਤਾ ਚੈਕ ਕਰ ਲਈ ਜਾਵੇ।**

**7. ਕਿਸੇ ਵੀ ਕੋਰਸ ਵਾਸਤੇ ਬਾਹਰੀ ਰਾਜਾਂ ਦੇ ਬੋਰਡ/ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਨੂੰ ਦਾਖਲਾ ਇਸ ਯੂਨੀਵਰਸਿਟੀ ਤੋਂ ਯੋਗਤਾ ਚੈਕ ਕਰਾਉਣ ਉਪਰੰਤ ਹੀ ਦਿੱਤਾ ਜਾਵੇ। ਜੇਕਰ ਕੋਈ ਕਾਲਜ ਕਿਸੇ ਵਿਦਿਆਰਥੀ ਨੂੰ ਦਾਖਲਾ ਯੋਗਤਾ ਚੈਕ ਕਰਾਉਣ ਤੋਂ ਬਿਨਾਂ ਦਿੰਦਾ ਹੈ ਅਤੇ ਉਹ ਅਯੋਗ ਪਾਇਆ ਜਾਂਦਾ ਹੈ ਤਾ ਇਸਦੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।**

**8.** ਕੋਈ ਵੀ ਦਾਖਲਾ ਕਰਨ ਤੋਂ ਪਹਿਲਾਂ ਉਸ ਕਲਾਸ ਦੇ ਦਾਖਲੇ ਸੰਬੰਧੀ ਯੂਨੀਵਰਸਿਟੀ ਵਲੋਂ ਨਿਰਧਾਰਤ ਨਿਯਮ ਪਹਿਲਾ ਵਾਚ ਲਏ ਜਾਣ । Eligibility Criteria book ਹਰ ਕਾਲਜ ਨੂੰ ਭੇਜੀ ਗਈ ਹੈ ਜਿਸ ਅਨੁਸਾਰ Admission ਕੀਤੀ ਜਾਣੀ ਹੈ । **ਯੂਨੀਵਰਸਿਟੀ ਨਿਯਮਾਂ ਤੇ ਹਦਾਇਤਾਂ ਨੂੰ ਨਜ਼ਰ ਅੰਦਾਜ਼ ਕਰਕੇ ਕੀਤੇ ਦਾਖਲੇ ਬਾਰੇ ਜੇਕਰ ਸਬੰਧਤ ਵਿਦਿਆਰਥੀ ਕੋਰਟ ਵਿਚ ਕੇਸ ਕਰੇਗਾ ਤਾਂ ਯੂਨੀਵਰਸਿਟੀ ਵਲੋਂ ਕੋਰਟ ਕੇਸ ਤੇ ਖਰਚ ਕੀਤੀ ਸਾਰੀ ਰਕਮ ਦੀ ਪੂਰਤੀ ਸੰਬੰਧਤ ਕਾਲਜ/ ਸੰਸਥਾ ਤੋਂ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਸਬੰਧਤ ਕਾਲਜ/ਸੰਸਥਾ ਨੂੰ ਉਚਿਤ ਜੁਰਮਾਨਾ ਵੀ ਪਾਇਆ ਜਾਵੇਗਾ। ਇਸ ਸਬੰਧੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।**

**9.** ਯੂਨੀਵਰਸਿਟੀ ਵਲੋਂ ਨਿਰਧਾਰਤ ਦਾਖਲੇ ਦੇ ਸ਼ਡਿਊਲ ਦੀ ਆਖਰੀ ਮਿਤੀ ਤੱਕ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ (ਦਾਖਲੇ ਦੀ ਮਿਤੀ, ਵਿਦਿਆਰਥੀ ਦਾ ਨਾਂ, ਕਲਾਸ, ਕਾਲਜ ਰੋਲ ਨੰਬਰ ਸਮੇਤ) ਸਬੰਧੀ ਜਾਣਕਾਰੀ ਆਖਰੀ ਮਿਤੀ ਤੋਂ ਅਗਲੇ ਦਿਨ ਹਰ ਹਾਲਤ ਵਿਚ ਯੂਨੀਵਰਸਿਟੀ ਦੇ E-Mail ID:- **rb.gndu@gmail.com** ਤੇ ਉੱਪ-ਰਜਿਸਟਰਾਰ (ਰਜਿਸਟ੍ਰੇਸ਼ਨ) ਨੂੰ ਭੇਜਣੀ ਹੋਵੇਗੀ ਭਾਵ ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ ਆਖਰੀ ਨਿਰਧਾਰਿਤ ਮਿਤੀ ਤੱਕ ਕੁਲ ਦਾਖਲ ਕੀਤੇ ਵਿਦਿਆਰਥੀਆਂ ਦੀ ਜਾਣਕਾਰੀ ਕਲਾਸ ਵਾਈਜ਼ (ਕਾਲਜ ਰੋਲ ਨੰ:, ਵਿਦਿਆਰਥੀ ਅਤੇ ਪਿਤਾ ਦੇ ਨਾਂ ਸਮੇਤ) ਅਗਲੇ ਦਿਨ ਤੱਕ ਅਤੇ 200/- ਰੁਪਏ ਲੇਟ ਫੀਸ ਨਾਲ ਮਿਤੀ 04-08-16 ਤੱਕ ਦਾਖਲ ਕੀਤੇ ਵਿਦਿਆਰਥੀਆਂ ਦੀ ਜਾਣਕਾਰੀ ਅਗਲੇ ਦਿਨ ਤੱਕ ਭੇਜਣੀ ਹੋਵੇਗੀ ਅਤੇ ਬਾਕੀ ਲੇਟ ਫੀਸ ਨਾਲ ਦਾਖਲੇ ਦੇ ਸ਼ਡਿਊਲ ਵਿਚ ਦਾਖਲ ਕੀਤੇ ਵਿਦਿਆਰਥੀਆਂ ਦੀ ਜਾਣਕਾਰੀ ਵੀ ਇਸੇ ਤਰਾਂ ਹੀ ਭੇਜਣੀ ਹੋਵੇਗੀ ਨਹੀਂ ਤਾਂ ਇਹਨਾਂ ਵਿਦਿਆਰਥੀਆਂ ਦਾ ਦਾਖਲਾ ਜਾਣਕਾਰੀ ਪ੍ਰਾਪਤ ਹੋਣ ਵਾਲੇ ਦਿਨ ਬਣਦੀ ਮਿਤੀ ਦੇ ਬਣਦੇ ਸ਼ਡਿਊਲ ਅਨੁਸਾਰ ਹੀ ਮੰਨਿਆ ਜਾਵੇਗਾ ਅਤੇ ਉਸ ਅਨੁਸਾਰ ਹੀ ਬਣਦੀ ਲੇਟ ਫੀਸ ਨਾਲ ਦਾਖਲਾ

ਪ੍ਰਵਾਨ ਕਰਨ ਯੋਗ ਹੋਵੇਗਾ। ਮਿਤੀ 31 ਦਸੰਬਰ ਤੱਕ ਸਾਰੇ ਕਾਲਜਾਂ ਪਾਸੋਂ ਦਾਖਲ ਕੀਤੇ ਵਿਦਿਆਰਥੀਆਂ ਦੀ ਕਲਾਸ ਵਾਈਜ਼ (Male/Female) ਗਿਣਤੀ ਇਸ ਸ਼ਾਖਾ ਨੂੰ E-Mail ਰਾਹੀ ਭੇਜੀ ਜਾਵੇ ।

**ਨੋਟ :-ਕਾਲਜਾਂ ਨਾਲ ਪੱਤਰ-ਵਿਹਾਰ ਕਰਨ ਲਈ E-Mail ID ਰਾਹੀ ਸੰਪਰਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਡਾਕ ਰਾਹੀ ਸਰਟੀਫਿਕੇਟ/ ਦਸਤਾਵੇਜਾਂ, ਰਜਿਸਟ੍ਰੇਸ਼ਨ ਰਿਟਰਨਾਂ ਅਤੇ ਫਾਰਮਾਂ ਆਦਿ ਦਾ ਆਦਾਨ-ਪ੍ਰਦਾਨ ਹੀ ਕੀਤਾ ਜਾਵੇਗਾ ।ਕਾਲਜਾਂ ਨੂੰ ਵੱਖਰੇ ਤੌਰ ਤੇ ਕੋਈ ਵੀ ਹਾਰਡ ਕਾਪੀ ਨਹੀਂ ਭੇਜੀ ਜਾਵੇਗੀ ਅਤੇ E-Mail ਨੂੰ ਹੀ ਪ੍ਰਮਾਣਿਤ (Authenticate) ਮੰਨਿਆ ਜਾਵੇਗਾ।**

**10.** ਸਿੰਡੀਕੇਟ ਦੀ ਇੱਕਤਰਤਾ ਮਿਤੀ **04/09/2012** ਦੇ ਮੱਦ ਨੰਬਰ **35** ਦੇ ਫੈਸਲੇ ਅਨੁਸਾਰ ਜਿਹੜੇ ਵਿਦਿਆਰਥੀਆਂ ਦੀ **10+2** ਵਿਚ ਕੰਪਾਰਟਮੈਂਟ ਹੈ, ਉਹਨਾਂ ਨੂੰ ਸਾਰੇ ਗ੍ਰੈਜੂਏਸ਼ਨ ਪੱਧਰ ਦੇ (ਬੀ. ਟੈਕ ਨੂੰ ਛੱਡ ਕੇ) ਕੋਰਸਾਂ ਵਿਚ ਪ੍ਰੋਵਿਜ਼ਨਲ ਦਾਖਲਾ ਇਸ ਸ਼ਰਤ ਤੇ ਦਿੱਤਾ ਜਾ ਸਕਦਾ ਹੈ ਕਿ ਉਹਨਾਂ ਨੂੰ **10+2** ਦੀ ਕੰਪਾਰਟਮੈਂਟ ਦੀ ਪ੍ਰੀਖਿਆ ਹਰ ਹਾਲਤ ਵਿਚ 31 ਜਨਵਰੀ (ਪਹਿਲੇ ਸਾਲ ਦੀ) ਤੱਕ ਪਾਸ ਕਰਨੀ ਲਾਜ਼ਮੀ ਹੋਵੇਗੀ ਨਹੀਂ ਤਾਂ ਉਹਨਾਂ ਦਾ ਦਾਖਲਾ ਰੱਦ ਸਮਝਿਆ ਜਾਵੇਗਾ।

**ਉਪਰੋਕਤ ਤੋਂ ਇਲਾਵਾ ਕਾਲਜ ਵਲੋਂ ਹੇਠ ਲਿਖੀਆਂ ਹਦਾਇਤਾਂ ਵੀ ਧਿਆਨ ਗੋਚਰੇ ਰਖੀਆਂ ਜਾਣ:-**

**(ੳ)** ਬਾਹਰਲੇ ਬੋਰਡ ਤੋਂ ਆਏ (ਸੀ.ਬੀ.ਐਸ.ਈ/ਆਈ.ਸੀ.ਐਸ.ਈ ਅਤੇ ਪੀ.ਐਸ.ਈ.ਬੀ.ਤੋਂ ਇਲਾਵਾਂ) ਜਿਨਾਂ ਵਿਦਿਆਰਥੀਆਂ ਨੂੰ ਗ੍ਰੇਜੂਏਸ਼ਨ ਪੱਧਰ ਤੇ ਦਾਖਲਾ ਦੇਣਾ ਹੈ ਉਹਨਾਂ ਨੂੰ 10+2 ਵਿੱਚ ਅੰਗਰੇਜੀ ਵਿਸ਼ਾ ਅਤੇ ਸਬੰਧਤ ਕਲਾਸ ਵਾਸਤੇ ਲੋੜੀਦਾਂ ਸਬਜੈਕਟ ਕੰਬੀਨੇਸ਼ਨ ਪਾਸ ਕੀਤਾ ਹੋਣਾ ਚੈਕ ਕਰ ਲਿਆ ਜਾਵੇ ।

**(ਅ)** ਸਲਾਨਾ ਪ੍ਰਣਾਲੀ ਅਨੁਸਾਰ ਭਾਗ I, II ਅਤੇ ਸਮੈਸਟਰ ਪ੍ਰਣਾਲੀ ਅਨੁਸਾਰ II, IV ਸਮੈਸਟਰ ਦੂਜੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਕੇ ਆਏ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੋਂ ਪਹਿਲਾਂ ਯੋਗਤਾ ਸਬੰਧੀ ਰਜਿਸਟਰੇਸ਼ਨ ਸ਼ਾਖਾ ਨਾਲ ਸੰਪਰਕ ਕਰ ਲਿਆ ਜਾਵੇ ।

**(ੲ) ਵਿਦਿਆਰਥੀਆਂ ਦਾ ਦਾਖਲਾ ਯੂਨੀਵਰਸਿਟੀ ਵਲੋਂ ਅਲਾਟ ਹੋਏ ਕੋਰਸ/ ਕੰਬੀਨੇਸ਼ਨ ਅਤੇ No. of Students' Strength ਮੁਤਾਬਕ ਹੀ ਕੀਤਾ ਜਾਵੇ। ਬੰਦ ਕੀਤੇ ਕੋਰਸਾਂ/ਡਿਪਲੋਮਾਂ/ਕਲਾਸਾਂ ਵਿੱਚ ਦਾਖਲਾ ਨਾ ਦਿਤਾ ਜਾਵੇ, ਜੇਕਰ ਕੋਈ ਕਾਲਜ Approved no. of Students' Strength ਤੋਂ ਵੱਧ Student ਦਾਖਲ ਕਰਦਾ ਹੈ ਤਾਂ ਉਸ ਕਾਲਜ ਤੇ ਜੁਰਮਾਨਾ ਕਰਨ ਦੇ ਨਾਲ ਨਾਲ ਸਬੰਧਿਤ ਵਿਸ਼ੇ/ਕੋਰਸ ਦੀ Affiliation ਵੀ withdraw ਕੀਤੀ ਜਾ ਸਕਦੀ ਹੈ । ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਦੀ ਹੀ ਹੋਵੇਗੀ ।**

**(ਸ)** ਹਰੇਕ ਕਲਾਸ ਵਿਚ ਦਾਖਲਾ ਕਰਦੇ ਸਮੇਂ ਵਿਦਿਆਰਥੀਆਂ ਦੀ ਲੋਅਰ ਕਲਾਸ ਦੇ ਨੰਬਰਾਂ ਅਤੇ Criteria BooK ਵਿਚ ਦਿੱਤੀ ਪਾਤਰਤਾ ਸਬੰਧੀ ਜਾਣਕਾਰੀ ਅਨੁਸਾਰ ਹੀ ਯੋਗਤਾ ਚੈਕ ਕਰ ਲਈ ਜਾਵੇ ਅਤੇ ਯੂਨੀਵਰਸਿਟੀ ਕੈਲੰਡਰ ਅਤੇ ਸਮੇਂ-ਸਮੇਂ ਤੇ ਸਿੰਡੀਕੇਟ ਦੀ ਇਕੱਤਰਤਾ ਵਿਚ ਸੋਧੇ ਨਿਯਮਾਂ ਨੂੰ ਧਿਆਨ ਵਿਚ ਰੱਖਿਆ ਜਾਵੇ।

(ਹ) ਦਾਖਲੇ ਸਮੇਂ ਵਿਦਿਆਰਥੀਆਂ ਦਾ ਲੋਅਰ ਕਲਾਸ ਦਾ ਨਤੀਜਾ ਘੋਸ਼ਿਤ ਹੋਇਆ ਹੋਵੇ ਭਾਵ ਕਿ ਜਿਵੇਂ ਕਿ ਸਮੈਸਟਰ ਪੰਜਵਾ ਵਿਚ ਦਾਖਲ ਹੋ ਰਹੇ ਵਿਦਿਆਰਥੀਆਂ ਦਾ ਪਹਿਲੇ ਤੋਂ ਚੋਥੇ ਸਮੈਸਟਰ ਤੱਕ ਦੇ ਕੁਲ ਪੇਪਰਾਂ ਦਾ 50% ਨਤੀਜਾ ਪਾਸ ਅਤੇ ਤੀਸਰੇ ਸਮੈਸਟਰ ਲਈ I, II, ਸਮੈਸਟਰ ਦੇ ਕੁਲ ਪੇਪਰਾਂ ਦਾ 50% ਪਾਸ ਨਤੀਜਾ ਚੈਕ ਕਰ ਲਿਆ ਜਾਵੇ, ਵਿਦਿਆਰਥੀਆਂ ਨੂੰ ਨਿਯਮਾਂ ਅਨੁਸਾਰ ਦਾਖਲ ਕੀਤਾ ਜਾਵੇ।

(ਕ) ਸਾਰੇ ਵਿਦਿਆਰਥੀਆਂ ਦਾ ਦਾਖਲਾ ਯੂਨੀਵਰਸਿਟੀ ਵਲੋਂ ਜਾਰੀ ਦਾਖਲਿਆਂ ਦੇ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ।

(ਖ) ਜਿਹੜੇ ਵਿਦਿਆਰਥੀਆਂ ਨੇ ਐਮ.ਏ./ਐਮ.ਐਸ.ਸੀ. /ਪੀ.ਜੀ.ਡਿਪਲੋਮਾ/ ਬੀ.ਐਡ. ਜਾਂ ਕਿਸੇ ਵੀ ਪੋਸਟ ਗ੍ਰੈਜੂਏਸ਼ਨ ਕਲਾਸ ਵਿਚ ਦਾਖਲਾ ਲੈਣਾ ਹੈ ਅਤੇ ਜਿਨਾਂ ਦੀ ਗ੍ਰੈਜੂਏਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਹੈ, ਉਹਨਾਂ ਦੀ ਪਾਤਰਤਾ ਕਾਲਜ ਹੀ ਚੈਕ ਕਰੇਗਾ । ਸਬੰਧਤ ਕਾਲਜ ਰਿਟਰਨ ਵਿਚ ਨਾਮ ਅਗੇ "ਪਾਤਰਤਾ ਚੈਕ" ਲਿਖ ਕੇ ਭੇਜੇਗਾ। ਇਹਨਾਂ ਹੀ ਕਲਾਸਾਂ ਵਿਚ ਦੂਜੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਸਰਟੀਫਿਕੇਟ, ਮਾਈਗ੍ਰੇਸ਼ਨ ਸਰਟੀਫਿਕੇਟ ਅਤੇ ਪਾਤਰਤਾ ਫਾਰਮ ਬਣਦੀ ਫੀਸ ਨਾਲ ਭੇਜੇ ਜਾਣਗੇ । **ਇਸ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋਏ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਵਿੱਚ ਦੁਬਾਰਾ ਪੜਾਈ ਜਾਰੀ ਕਰਨ ਲਈ ਮਾਈਗ੍ਰੇਸ਼ਨ ਸਰਟੀਫਿਕੇਟ ਭੇਜਣਾ ਜਰੂਰੀ ਹੋਵੇਗਾ । ਮਿੱਤੀ 13-3-2000 ਦੀ ਇਕੱਤਰਤਾ ਵਿੱਚ ਹੋਏ ਫੈਸਲੇ ਨੂੰ ਮੁੱਖ ਰਖਦਿਆਂ ਵੀ.ਸੀ ਸਾਹਿਬ ਜੀ ਦੇ ਆਦੇਸ਼ ਅਨੁਸਾਰ ਜਿਸ ਪ੍ਰੀਖਿਆਰਥੀ ਦੇ ਦਸਤਾਵੇਜ 3 ਸਾਲ ਦੇ ਸਮੇਂ ਵਿੱਚ ਪ੍ਰਾਪਤ ਨਹੀ ਹੋਣਗੇ ਉਨਾਂ ਦਾ ਨਤੀਜਾ ਬਹਾਲ ਨਹੀ ਕੀਤਾ ਜਾਵੇਗਾ ।**

**(ਗ) ਸਾਰੇ ਵਿਦਿਆਰਥੀ/ਵਿਦਿਆਰਥੀਆਂ ਜਿਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡ ਤੋਂ ਪ੍ਰੀਖਿਆ ਪਾਸ ਕੀਤੀ ਹੈ ਉਨਾਂ ਨੂੰ ਸਮੈਸਟਰ ਪ੍ਰੀਖਿਆ ਪ੍ਰਣਾਲੀ ਵਿਚ ਹੀ ਦਾਖਲਾ ਦਿਤਾ ਜਾਵੇ ਕਿਉਂਕਿ 2012 ਤੋਂ ਸਲਾਨਾ ਪ੍ਰੀਖਿਆ ਪ੍ਰਣਾਲੀ ਨੂੰ ਸਮੈਸਟਰ**

**ਪ੍ਰਣਾਲੀ ਵਿੱਚ ਤਬਦੀਲ ਕਰ ਦਿਤਾ ਗਿਆ ਹੈ । ਇਸ ਲਈ ਸਮੈਸਟਰ ਪ੍ਰੀਖਿਆ ਪ੍ਰਣਾਲੀ ਦੇ ਨਿਯਮ ਹੀ ਲਾਗੂ ਹੋਣਗੇ ।**

**(ਅ) ਵਿਦਿਆਰਥੀਆਂ ਦੀ ਪਾਤਰਤਾ ਸੰਬੰਧੀ :**

1. ਜਿਹੜੇ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਦੂਜੀਆਂ ਯੂਨੀਵਰਸਿਟੀਆਂ/ ਬੋਰਡਾਂ (**ਪੰਜਾਬ ਸਰਕਾਰ ਦੀਆਂ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ {Regular/ Correspondence/ Private Mode} ਅਤੇ ਪੰਜਾਬ ਸਕੂਲ ਐਜੂਕੇਸਨ ਬੋਰਡ ਨੂੰ ਛੱਡ ਕੇ** ) ਤੋਂ ਪਾਸ ਕੀਤੀ ਹੋਵੇ, ਉਹਨਾਂ ਨੂੰ ਇਸ ਯੂਨੀਵਰਸਿਟੀ ਤੋਂ, ਕਾਲਜ ਵਿਚ ਦਾਖਲਾ ਲੈਣ ਦੇ ਨਾਲ ਹੀ, ਇਕ ਮਹੀਨੇ ਦੇ ਅੰਦਰ-ਅੰਦਰ ਪਾਤਰਤਾ ਸਰਟੀਫਿਕੇਟ ਲੈਣਾ ਪਵੇਗਾ । ਦਾਖਲੇ ਉਪਰੰਤ ਸਾਰੇ ਵਿਦਿਆਰਥੀਆਂ ਦੇ ਪਾਤਰਤਾ ਫਾਰਮ (ਨਿਰਧਾਰਤ ਫੀਸ ਸਮੇਤ) ਸਮੂਹਿਕ ਤੌਰ ਤੇ ਇਸ ਦਫ਼ਤਰ ਨੂੰ ਭੇਜੇ ਜਾਣ । ਇਹਨਾਂ ਵਿਦਿਆਰਥੀਆਂ ਦੇ ਦਾਖਲੇ ਦਾ ਵੇਰਵਾ "ਅ" ਰਿਟਰਨ ਵਿੱਚ ਵੱਖਰਾ ਭੇਜਿਆ ਜਾਵੇ ।

2. ਜਿਹੜੇ ਵਿਦਿਆਰਥੀ ਬੀ.ਏ/ ਐਮ.ਏ ਇਸ ਯੂਨੀਵਰਸਿਟੀ ਤੋਂ ਪਾਸ ਕਰਕੇ ਬੀ.ਐਡ ਜਾਂ ਹੋਰ ਉਚੇਰੀ ਕਲਾਸ ਪੰਜਾਬ ਤੋਂ ਇਲਾਵਾ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਨ ਉਪਰੰਤ ਮਾਈਗ੍ਰੇਸ਼ਨ ਕਰਵਾ ਕੇ ਇਸ ਯੂਨੀਵਰਸਿਟੀ ਵਿਚ ਦੁਬਾਰਾ ਪੜਨ ਵਾਸਤੇ ਆਉਂਦੇ ਹਨ ਅਤੇ ਉਹ ਵਿਦਿਆਰਥੀ ਜਿਸ ਕਲਾਸ ਵਿਚ ਦਾਖਲਾ ਲੈ ਰਿਹਾ ਹੈ ਉਸ ਦੀ ਯੋਗਤਾ ਜੇਕਰ ਇਸ ਯੂਨੀਵਰਸਿਟੀ ਤੋਂ ਪੜ੍ਹੀ ਕਲਾਸ ਦੇ ਆਧਾਰ ਤੇ ਹੋ ਸਕਦੀ ਹੋਵੇ ਤਾਂ ਉਸ ਪਾਸੋਂ ਪਾਤਰਤਾ ਫਾਰਮ ਭਰਵਾਉਣ ਦੀ ਲੋੜ ਨਹੀ । ਉਸ ਦੇ ਲੋਅਰ ਕਲਾਸਾਂ ਦੇ ਸਾਰੇ ਦਸਤਾਵੇਜ਼/ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਰਜਿਸਟ੍ਰੇਸ਼ਨ ਸ਼ਾਖਾ ਨੂੰ ਭੇਜ ਦਿੱਤੇ ਜਾਣ।

**ਜੇਕਰ ਵਿਦਿਆਰਥੀ ਭਾਵੇਂ ਇਸ ਯੂਨੀਵਰਸਿਟੀ ਨਾਲ ਪਹਿਲਾਂ ਵੀ ਰਜਿਸਟਰਡ ਹੈ ਪਰ ਅਗੋਂ ਕਿਸੇ ਵੀ ਕਲਾਸ ਵਿਚ ਦਾਖਲਾ ਲੈਣ ਸਮੇਂ ਉਸਦਾ ਲੋਅਰ ਕਲਾਸ ਦਾ ਅਧਾਰ ਬਾਹਰਲੇ ਬੋਰਡ/ ਯੂਨੀਵਰਸਿਟੀ ਦਾ ਬਣਦਾ ਹੈ ਤਾਂ ਉਸ ਨੂੰ ਦੁਬਾਰਾ ਪਾਤਰਤਾ ਫਾਰਮ ਭਰਨਾ ਪਵੇਗਾ । ਅਜਿਹੇ ਵਿਦਿਆਰਥੀਆਂ ਦਾ ਵੇਰਵਾ "ਅ" ਰਿਟਰਨ ਵਿੱਚ ਭੇਜਿਆ ਜਾਵੇ । ਜੇਕਰ ਕੋਈ ਵੀ ਰਿਟਰਨ ਗਲਤ ਭੇਜੀ ਗਈ ਹੈ ਤਾਂ ਨਵੀ ਰਜਿਸਟਰੇਸ਼ਨ ਰਿਟਰਨ 500/- ਰਪਏ ਪੀਨਲ ਫੀਸ ਲੈ ਕੇ ਪ੍ਰਵਾਨ ਕੀਤੀ ਜਾਵੇਗੀ ।**

**3. ਕੇਵਲ ਐਜੂਕੇਸ਼ਨ ਕਾਲਜਾਂ ਲਈ** :-

ਜਿਹੜੇ ਵਿਦਿਆਰਥੀ ਬੀ.ਏ/ਬੀ.ਐਸ.ਸੀ, ਐਮ.ਏ/ਐਮ.ਐਸ.ਸੀ ਦੀ ਕਲਾਸ ਇਸ ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਬੀ.ਐਡ ਦੀ ਕਲਾਸ ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਦੇ ਹਨ, ਉਨ੍ਹਾਂ ਨੂੰ ਐਮ.ਐਡ ਦੇ ਦਾਖਲੇ ਵਾਸਤੇ ਪਾਤਰਤਾ ਫਾਰਮ ਭਰਨਾ ਪਵੇਗਾ।ਇਹਨਾਂ ਦੇ ਦਾਖਲੇ ਸੰਬੰਧੀ ਵੇਰਵਾ "ਅ" ਰਿਟਰਨ ਵਿਚ ਭੇਜਿਆ ਜਾਵੇ ।

4. ਪਾਤਰਤਾ ਸਰਟੀਫਿਕੇਟ(**Eligibility Certificate**) ਲਈ ਨਿਰਧਾਰਤ ਫਾਰਮ ਤੇ ਬਿਨੈ ਪੱਤਰ 400/- ਰੁਪਏ ਫੀਸ (ਫਾਰਮ ਫੀਸ ਸਮੇਤ) ਨਾਲ ਹੇਠ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣ:-

(ੳ) ਹੇਠਲੀ ਪ੍ਰੀਖਿਆ ਦਾ ਅਸਲ ਨੰਬਰ ਕਾਰਡ (**+2** ਨੰਬਰ ਕਾਰਡ ਦੇ ਨਾਲ **Matric Certificate)** ਸਿਰਫ਼ **L.L.B (Five Years) / B.PT** ਕਲਾਸਾਂ ਜਾਂ ਜਿਨਾਂ ਕੋਰਸਾਂ ਵਿਚ ਦਾਖਲੇ ਦੀ ਉਮਰ ਨਿਰਧਾਰਿਤ ਹੈ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦਾ ਹੀ ਭੇਜਿਆ ਜਾਵੇ ।

(ਅ) ਸੰਬੰਧਤ ਯੂਨੀਵਰਸਿਟੀ/ਬੋਰਡ ਵਲੋਂ ਜਾਰੀ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਵੀ ਪਾਤਰਤਾ ਸਰਟੀਫਿਕੇਟ ਲਈ ਪਾਤਰਤਾ ਫਾਰਮ ਨਿਰਧਾਰਤ (ਨਾਰਮਲ) ਬਿਨਾਂ ਲੇਟ ਫੀਸ ਮਿਤੀ ਤੱਕ ਭੇਜਿਆ ਜਾ ਸਕਦਾ ਹੈ ।

(ੲ) ਐਂਟਰੈਂਸ ਟੈਸਟ ਕਾਰਡ ਜਾਂ ਸਲੈਕਸ਼ਨ ਲਿਸਟ ਦੀ ਤਸਦੀਕਸ਼ੁਦਾ ਕਾਪੀ (ਕੇਵਲ ਉਹਨਾਂ ਕੋਰਸਾਂ/ ਕਲਾਸਾਂ ਲਈ ਜਿਥੇ ਦਾਖਲਾ ਐਂਟਰੈਂਸ ਟੈਸਟ ਦੇ ਅਧਾਰ ਤੇ ਕੀਤਾ ਗਿਆ ਹੋਵੇ)। ਇਸ ਦੀ ਇਕ ਕਾਪੀ ਵੱਖਰੇ ਤੌਰ ਤੇ ਪਾਤਰਤਾ ਸ਼ੈਕਸ਼ਨ ਨੂੰ ਵੀ ਦਿੱਤੀ ਜਾਵੇ ਜੀ ।

**5.** ਪਾਤਰਤਾ ਸਰਟੀਫਿਕੇਟ ਲਈ ਭੇਜੇ ਜਾਣ ਵਾਲੇ ਅਸਲ ਸਰਟੀਫਿਕੇਟ ਵੱਖ ਪੱਤਰ ਰਾਂਹੀ ਭੇਜੇ ਜਾਣ ਅਤੇ ਰਜਿਸਟ੍ਰੇਸ਼ਨ ਕਰਾਉਣ ਲਈ ਭੇਜੇ ਜਾਣ ਵਾਲੇ ਸਰਟੀਫਿਕੇਟ ਵੱਖ ਪੱਤਰ ਰਾਂਹੀ ਭੇਜੇ ਜਾਣ । ਵੱਖ-ਵੱਖ ਸੈਸ਼ਨ ਦਾ ਪੱਤਰ ਵੱਖ-ਵੱਖ ਟਾਈਪ ਕੀਤਾ ਜਾਵੇ ।

**6.** ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੌਂਸਿਲ ਪਟਨਾ ਤੋਂ ਇੰਟਰਮੀਡੀਏਟ ਪਾਸ ਵਿਦਿਆਰਥੀਆਂ ਦਾ ਪਾਤਰਤਾ ਸਰਟੀਫਿਕੇਟ ਲੈਣ ਲਈ ਉਪਰ ਦਰਸਾਏ ਦਸਤਾਵੇਜ਼ ਤੋਂ ਇਲਾਵਾ ਕੌਂਸਿਲ ਵਲੋਂ ਜਾਰੀ ਐਡਮਿਟ ਕਾਰਡ ਅਤੇ ਕਾਲਜ/ ਸਕੂਲ ਵਲੋਂ ਜਾਰੀ ਟਰਾਂਸਫਰ ਸਰਟੀਫਿਕੇਟ ਵੀ ਭੇਜਿਆ ਜਾਵੇ ।

**7.** ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਤਾਂ ਹੀ ਦਿੱਤਾ ਜਾਵੇ ਜੇਕਰ ਉਹਨਾਂ ਕੋਲ ਸਟੂਡੈਂਟ ਵੀਜਾ(**Student Visa**) ਹੋਵੇ । ਇਸ ਤੋਂ ਇਲਾਵਾ ਕੋਈ ਹੋਰ ਵੀਜ਼ਾ ਰੱਖਣ ਵਾਲ ਵਿਦਿਆਰਥੀਆਂ ਨੂੰ ਦਾਖਲਾ ਨਾ ਦਿੱਤਾ ਜਾਵੇ । ਉਸ ਵਲੋਂ ਪਾਸ ਕੀਤੀ ਪ੍ਰੀਖਿਆਂ ਦੀ ਪ੍ਰਵਾਨਗੀ (Recognition) ਸੰਬੰਧੀ ਪੱਤਰ ਵਿਦਿਆਰਥੀਆਂ ਨੂੰ ਆਪਣੇ ਪੱਧਰ ਤੇ **Association of Indian Universities, 16-Kotla Marg, New Delhi** ਤੋਂ ਲਿਆ ਕੇ ਦੇਣਾ ਪਵੇਗਾ । ਇਹ ਅਸਲ ਪੱਤਰ ਪਾਤਰਤਾ ਲੈਣ ਸਮੇਂ ਇਸ ਯੂਨੀਵਰਸਿਟੀ ਨੂੰ ਜ਼ਰੂਰ ਭੇਜਿਆ ਜਾਵੇ ।

**8.** ਜਿਨ੍ਹਾਂ ਵਿਦਿਆਰਥੀਆਂ ਨੇ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ, ਨਵੀਂ ਦਿੱਲੀ ਤੋਂ ਸੀਨੀਅਰ ਸਕੂਲ ਸਰਟੀਫਿਕੇਟ **10+2** ਦੀ ਪ੍ਰੀਖਿਆ ਚਾਰ ਵਿਸ਼ਿਆ (ਸਮੇਤ ਅੰਗ੍ਰੇਜੀ ) ਨਾਲ ਮੈਟ੍ਰਿਕ(ਦਫ਼ਤਰ ਦੇ ਚੈਂਕ ਕਰਨ ਲਈ **+2** ਦੇ ਨਾਲ ਮੈਟ੍ਰਿਕ ਦਾ ਨੰਬਰ ਕਾਰਡ ਵੀ ਭੇਜਿਆ ਜਾਵੇ) ਪਾਸ ਕਰਨ ਤੋਂ, ਘੱਟ ਤੋਂ ਘੱਟ ਦੋ ਸਾਲ ਬਾਅਦ ਪਾਸ ਕੀਤੀ ਹੋਵੇ ਉਨ੍ਹਾਂ ਨੂੰ ਕੇਵਲ ਬੀ.ਏ/ ਬੀ.ਐਸ.ਸੀ (ਪਾਸ ਕੋਰਸ) ਵਿਚ ਆਰਜ਼ੀ ਦਾਖਲਾ ਦਿੱਤਾ ਜਾ ਸਕਦਾ ਹੈ । ਅਜਿਹੇ ਵਿਦਿਆਰਥੀਆਂ ਨੂੰ ਪੰਜਵਾਂ ਘੱਟਦਾ ਵਿਸ਼ਾ (**Deficient Subject)** ਉਸੇ ਗਰੁੱਪ ਅਧੀਨ ਓਪਨ ਸਕੂਲ ਨਵੀਂ ਦਿੱਲੀ ਤੋਂ ਆਉਂਦੀ ਸਪਲੀਮੈਂਟਰੀ ਜਾਂ ਸਲਾਨਾ ਪ੍ਰੀਖਿਆ ਨਾਲ ਪਾਸ ਕਰਨਾ ਪਵੇਗਾ ਨਹੀਂ ਤਾਂ ਆਰਜ਼ੀ ਦਾਖਲਾ ਕੈਂਸਲ ਕਰ ਦਿੱਤਾ ਜਾਵੇਗਾ । ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਤੋਂ ਪਾਸ ਕੀਤੀ ਹੈ ਉਹਨਾਂ ਦਾ ਪਾਤਰਤਾ ਫਾਰਮ ਭੇਜਣ ਸਮੇਂ ਬਾਕੀ ਪਹਿਲਾਂ ਦਰਸਾਏ ਦਸਤਾਵੇਜ਼ ਦੇ ਨਾਲ-ਨਾਲ ਮੈਟ੍ਰਿਕ ਸਰਟੀਫਿਕੇਟ ਜ਼ਰੂਰ ਭੇਜਿਆ ਜਾਵੇ । ਇਹ ਸਿਰਫ ਉਹਨਾਂ ਵਿਦਿਆਰਥੀਆਂ ਵਾਸਤੇ ਲਾਗੂ ਹੋਵੇਗਾ ਜਿਨ੍ਹਾਂ +2 ਦੀ ਕਲਾਸ ਵਿਚ ਸਿਰਫ ਚਾਰ ਵਿਸ਼ੇ ਹੀ ਲਏ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਚਾਰ ਦੀ ਜਗ੍ਹਾਂ ਪੰਜ ਜਾਂ ਵੱਧ ਵਿਸ਼ੇ ਲਏ ਹਨ ਪਰ ਪਾਸ ਸਿਰਫ ਚਾਰ ਵਿਸ਼ਿਆਂ ਵਿਚ ਹੋਏ ਹਨ ਉਹਨਾਂ ਤੇ ਇਹ ਸਕੀਮ ਲਾਗੂ ਨਹੀਂ ਹੋਵੇਗੀ ।

ਜਿਹੜੇ ਵਿਦਿਆਰਥੀਆਂ ਨੇ ਆਪਣੀ ਲੋਅਰ ਕਲਾਸ ਡਿਸਟੈਂਸ ਐਜੂਕੇਸ਼ਨ ਸਕੀਮ/**Lateral Entry** ਅਧੀਨ ਪਾਸ ਕੀਤੀ ਹੈ ਜਾਂ ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ B.A/ B.Sc/B.Com/ BBA ਆਦਿ ਭਾਗ ਪਹਿਲੇ ਜਾਂ ਦੂਜੇ ਦੀ ਕਲਾਸ (ਸਲਾਨਾ ਜਾਂ ਸਮੈਸਟਰ ਸਿਸਟਮ ਨਾਲ) ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕਰਕੇ ਦਾਖਲਾ ਲੈਣ ਆਉਂਦੇ ਹਨ, ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲ ਕਰਨ ਤੋਂ ਪਹਿਲਾਂ ਕਾਲਜ ਦੇ ਪੱਤਰ ਸਮੇਤ ਉਸਦੇ ਸਾਰੇ ਨੰਬਰ ਕਾਰਡ ਇਸ ਦਫ਼ਤਰ ਨੂੰ ਨਿੱਜੀ ਤੌਰ ਤੇ ਭੇਜੇ ਜਾਣ । ਇਸ ਉਪਰੰਤ ਇਸ ਦਫ਼ਤਰ ਵਲੋਂ ਜਾਰੀ ਪੱਤਰ ਦੇ ਆਧਾਰ ਤੇ ਹੀ ਵਿਦਿਆਰਥੀ ਨੂੰ ਦਾਖਲ ਕੀਤਾ ਜਾਵੇ । ਜੇਕਰ ਇਨ੍ਹਾਂ ਵਿਦਿਆਰਥੀਆਂ ਨੂੰ ਦਾਖਲ ਕਰਨ ਤੋਂ ਪਹਿਲਾਂ ਇਸ ਦਫ਼ਤਰ ਨੂੰ ਕੇਸ ਨਹੀਂ ਭੇਜਿਆਂ ਜਾਂਦਾ ਅਤੇ ਉਹ ਵਿਦਿਆਰਥੀ ਕਿਸੇ ਕਾਰਨ ਅਯੋਗ ਪਾਏ ਜਾਂਦੇ ਹਨ ਜਾਂ ਉਨ੍ਹਾ ਦਾ ਘੱਟਦਾ ਵਿਸ਼ਾ (**Deficient Subject)** ਪਾਸ ਕਰਨ ਦਾ ਕੋਈ ਚਾਂਸ ਨਿਕਲ ਜਾਂਦਾ ਹੈ ਤਾਂ ਇਸ ਬਾਰੇ ਸਾਰੀ ਜਿੰਮੇਵਾਰੀ ਕਾਲਜ/ ਵਿਦਿਆਰਥੀ ਦੀ ਹੋਵੇਗੀ । ਜੋ ਵਿਦਿਆਰਥੀ **+2** ਦੀ ਕਲਾਸ ਅੰਗ੍ਰੇਜ਼ੀ ਵਿਸ਼ਾ ਪਾਸ ਕਰਨ ਤੋਂ ਬਗੈਰ ਉਚੇਰੀ ਕਲਾਸ ਵਿਚ ਦਾਖਲਾ ਲੈਂਦੇ ਹਨ ਉਨ੍ਹਾਂ ਤੇ ਵੀ ਉਕਤ ਨੀਤੀ ਲਾਗੂ ਹੋਵੇਗੀ । ਅਜਿਹੇ ਵਿਦਿਆਰਥੀਆਂ ਨੂੰ **Deficient Subject(s)** ਤੋਂ ਇਲਾਵਾ**Punjabi Compulsory(Basic Punjabi,in place of PHC vide Academic council Proceeding Dated 30/03/12. Page no.80, where is applicable) and English Compulsory** ਵਿਸ਼ੇ ਆਦਿ ਵੀ ਪਾਸ ਕਰਨੇ/ ਹੋਣੇ ਜ਼ਰੂਰੀ ਹੁੰਦੇ ਹਨ ।

**ਜਿਹੜੇ ਵਿਦਿਆਰਥੀ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਬੀ.ਏ./ਬੀ.ਐਸ.ਸੀ ਭਾਗ ਪਹਿਲਾ ਜਾਂ ਦੂਜਾ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਅਗਲੇਰੀ ਕਲਾਸ ਵਿਚ ਕਿਸੇ ਵੀ ਕਾਲਜ ਵਿਚ ਦਾਖਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੋਂ ਪਹਿਲਾਂ ਇਸ ਯੂਨੀਵਰਸਿਟੀ ਵਲੋਂ ਦਰਸਾਏ Subject Combination ਜ਼ਰੂਰ ਧਿਆਨ ਵਿਚ ਰੱਖ ਲਏ ਜਾਣ ਅਤੇ ਉਹਨਾਂ ਮੁਤਾਬਿਕ ਹੀ ਦਾਖਲਾ ਦਿੱਤਾ ਜਾਵੇ । ਜੇਕਰ ਕਿਸੇ ਵਿਦਿਆਰਥੀ ਨੂੰ ਗਲਤ ਵਿਸ਼ੇ ਲੈਣ ਦੀ ਆਗਿਆ ਦਿੱਤੀ ਗਈ ਤਾਂ ਉਸ ਦੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ ।**

ਜਿਨਾਂ ਵਿਦਿਆਰਥੀਆਂ ਨੇ 10+2 ਦੀ ਕਲਾਸ **Board of Higher Secondary Education, Delhi, Council of Secondary Education, Mohali** ਅਤੇ **Board of Secondary Education, Madhya Bharat, Gwalior** ਜਾਂ ਅਜਿਹੇ ਹੋਰ ਬੋਰਡ ਜਿਹੜੇ ਮਾਨਤਾ ਪ੍ਰਾਪਤ ਨਹੀ ਹਨ ਤੋਂ ਪਾਸ ਕੀਤੀ ਹੈ ਉਨਾਂ ਵਿਦਿਆਰਥੀਆਂ ਨੂੰ ਬੋਰਡ ਦੀ ਮਾਨਤਾ ਨਾ ਹੋਣ ਕਾਰਨ ਦਾਖਲਾ ਨਾ ਦਿਤਾ ਜਾਵੇ ਅਤੇ ਭਾਰਤ ਦੇ ਵੱਖ-ਵੱਖ ਪ੍ਰਾਤਾਂ ਦੇ ਪ੍ਰਵਾਨਿਤ (Recognised) ਬੋਰਡਾਂ ਦੀ ਮਾਨਤਾ "Council of Board of School Education in India" ਦੀ Website "www.cobse.org"ਤੇ ਸੰਪਰਕ ਕਰ ਲਿਆ ਜਾਵੇ ।

**9.** ਯੂਨੀਵਰਸਿਟੀ ਕੈਲੰਡਰ **2008** ਜਿਲਦ ਦੂਜੀ ਦੇ ਪੰਨਾ ਨੰ: **37** ਦੇ ਪੈਰਾ ਨੰ: **18** ਦੇ ਫੈਸਲੇ ਦੀ ਰੋਸ਼ਨੀ ਵਿਚ ਜਿਨ੍ਹਾਂ ਵਿਦਿਆਰਥੀਆਂ ਨੇ 1991 ਤੋਂ ਪਹਿਲਾਂ ਪੁਰਾਣੀ (14 ਸਾਲਾਂ) ਪ੍ਰਣਾਲੀ ਅਧੀਨ ਬੈਚੂਲਰ ਡਿਗਰੀ ਪ੍ਰਾਪਤ ਕੀਤੀ ਹੈ ਉਹਨਾਂ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ (10+2+3) ਪ੍ਰਣਾਲੀ ਅਧੀਨ ਬੈਚੂਲਰ ਡਿਗਰੀ ਦੇ ਬਰਾਬਰ ਮੰਨਿਆ ਜਾਵੇਗਾ ।

**10. ਜਿਨਾਂ ਵਿਦਿਆਰਥੀਆਂ ਨੇ ਦਸਵੀ ਦੀ ਪ੍ਰੀਖਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੈ ਪਰੰਤੂ ਬਾਹਰਵੀ ਦੀ ਪ੍ਰੀਖਿਆਂ other board ਤੋਂ ਪਾਸ ਕੀਤੀ ਹੈ, ਉਹ ਵਿਦਿਆਰਥੀ ਬੈਚਲਰ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆਂ ਵਿੱਚ ਪੰਜਾਬੀ (ਲਾਜ਼ਮੀ ) ਵਿਸ਼ਾ ਹੀ ਪੜਣਗੇ । ਦੂਜੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ/ਵਿਦਿਆਰਥਣਾਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਮੁੱਢਲੀ ਪੰਜਾਬੀ (Basic Punjabi) ਵਿਸ਼ਾ ਪੜਣਾ ਪਵੇਗਾ । ਨਿਯਮਾਂ ਦੀ ਅਣਦੇਖੀ ਕਰਕੇ ਜੇਕਰ ਕਾਲਜ ਕਿਸੇ ਵਿਦਿਆਰਥੀ ਨੂੰ ਗਲਤ ਵਿਸ਼ਾ ਪੜ੍ਹਨ ਦੀ ਆਗਿਆ ਦਿੰਦਾ ਹੈ ਤਾਂ ਇਸ ਪ੍ਰਤੀ ਸਾਰੀ ਜਿੰਮੇਂਵਾਰੀ ਕਾਲਜ/ ਵਿਦਿਆਰਥੀ ਦੀ ਹੋਵੇਗੀ ।**

**11.** ਭਾਰਤ ਦੇ ਵੱਖ-ਵੱਖ ਪ੍ਰਾਤਾਂ ਦੇ ਪ੍ਰਵਾਨਿਤ (Recognised) ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ ਇਲਾਵਾ ਬੋਗਸ ਯੂਨੀਵਰਸਿਟੀਆਂ ਦੀ ਜਾਣਕਾਰੀ ਸਬੰਧੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀ **Website ( www.ugc.ac.in**) ਤੇ ਸੰਪਰਕ ਕਰ ਲਿਆ ਜਾਵੇ।

**12**. ਵੱਖ-ਵੱਖ ਕੋਰਸਾਂ/ ਕਲਾਸਾਂ ਲਈ ਯੂਨੀਵਰਸਿਟੀ ਵਲੋਂ ਨਿਰਧਾਰਤ ਸੀਟਾਂ ਅਨੁਸਾਰ ਹੀ ਦਾਖਲਾ ਕੀਤਾ ਜਾਵੇ ਅਤੇ ਇਸ ਮੰਤਵ ਲਈ ਪ੍ਰੋਫਾਰਮਾ ਭਰਕੇ ਰਜਿਸਟ੍ਰੇਸ਼ਨ ਰਿਟਰਨ ਨਾਲ ਸਮੇਂ ਸਿਰ ਭੇਜਿਆ ਜਾਵੇ।

**13.** ਵੱਖ-ਵੱਖ ਕੋਰਸਾਂ ਦੀ ਪਾਤਰਤਾ ਯੂਨੀਵਰਸਿਟੀ ਕੈਲੰਡਰ ਅਤੇ ਸਿੰਡੀਕੇਟ ਵਲੋ ਸਮੇਂ-ਸਮੇਂ ਤੇ ਲਏ ਗਏ ਫੈਸਲਿਆਂ ਅਨੁਸਾਰ ਹੀ ਨਿਰਧਾਰਤ ਕੀਤੀ ਜਾਵੇ ।

**14.** ਕਾਲਜਾਂ ਵਿਚ ਵਿਦਿਆਰਥੀਆਂ ਨੂੰ ਦਾਖਲ ਕਰਦੇ ਸਮੇਂ ਯੂਨੀਵਰਸਿਟੀ ਵਲੋਂ ਪ੍ਰਿੰਟਿਡ Booklet, "Eligibility Criteria for Courses of Study, including Addenda/ Corrigenda which is sent by the University from time-to-time" ਨੂੰ ਧਿਆਨ ਵਿਚ ਰੱਖਿਆ ਜਾਵੇ, ਜੋ ਯੂਨੀਵਰਸਿਟੀ ਦੇ ਰੈਗੂਲੇਸ਼ਨ ਸੈਕਸ਼ਨ ਵਲੋਂ ਜਾਰੀ ਕੀਤੀ ਗਈ ਹੈ ਅਤੇ ਇਹ Criteria Booklet ਯੂਨੀਵਰਸਿਟੀ ਦੀ Website ਤੇ ਵੀ ਉਪਲਬੱਧ ਹੈ । ਕਿਉਂ ਜੋ ਯੋਗਤਾਵਾਂ ਸਮੇਂ-ਸਮੇਂ ਸਿਰ ਬਦਲਦੀਆਂ ਰਹਿੰਦੀਆਂ ਹਨ , ਇਸ ਸਬੰਧੀ ਵਧੇਰੀ ਜਾਣਕਾਰੀ ਲਈ Website ਤੋਂ ਇਲਾਵਾ ਦਫਤਰ ਨਾਲ ਵੀ ਸੰਪਰਕ ਕਰ ਲਿਆ ਜਾਵੇ ।

**15**. ਵਿਦਿਆਰਥੀਆਂ ਨੂੰ ਦਾਖਲ ਕਰਨ ਉਪਰੰਤ ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ/ ਲੋਅਰ ਕਲਾਸ ਦੇ ਲੋੜੀਂਦੇ ਸਰਟੀਫਿਕੇਟ ਪੱਤਰ ਰਾਹੀ ਸੈੱਟ ਵਾਈਜ਼ ਭੇਜੇ ਜਾਣ। ਪਾਤਰਤਾ ਫਾਰਮ (ਫੀਸ ਅਤੇ ਪਾਤਰਤਾ ਫਾਰਮ ਨਾਲ ਨੱਥੀ ਦਸਤਾਵੇਜ਼) ਇਕ ਵੱਖਰੇ ਪੱਤਰ ਨਾਲ ਹੀ ਭੇਜੇ ਜਾਣ ।

**16.** ਕਾਲਜ ਵਿਚ ਦਾਖਲ ਵਿਦਿਆਰਥੀਆਂ ਦੀ 400/- ਰੁਪਏ (ਫਾਰਮ ਫੀਸ ਸਮੇਤ) ਪ੍ਰਤੀ ਵਿਦਿਆਰਥੀ ਪਾਤਰਤਾ ਫੀਸ ਖਾਸ ਤੌਰ ਤੇ ਬਾਕੀ ਦੀਆਂ ਰਜਿਸਟ੍ਰੇਸ਼ਨ ਸੰਬੰਧੀ ਫੀਸਾਂ ਤੋਂ ਵੱਖਰੇ-ਵੱਖਰੇ ਪੱਤਰ ਨਾਲ ਭੇਜੀ ਜਾਵੇ।

**17. ਸੈਸ਼ਨ 2016-17 ਦੌਰਾਨ ਇਸ ਦਫ਼ਤਰ ਵਿਚ ਪਾਤਰਤਾ ਫ਼ਾਰਮ ਜਮ੍ਹਾਂ ਹੋਣ ਲਈ ਨਾਰਮਲ ਅਤੇ ਲੇਟ ਫੀਸ ਨਾਲ ਨਿਰਧਾਰਤ ਮਿਤੀਆਂ ਸੰਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-**

ਜਿਹੜੇ ਵਿਦਿਆਰਥੀ ਆਪਣੀ ਲੋਅਰ ਕਲਾਸ **ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ**, ਪੰਜਾਬ ਟੈਕਨੀਕਲ ਯੂਨੀਵਰਸਿਟੀ **(Distance/lateral Entry Case only),** ਪੰਜਾਬ ਸਟੇਟ ਟੈਕਨੀਕਲ ਬੋਰਡ ਅਤੇ ਪੰਜਾਬ ਤੋਂ ਬਾਹਰਲੀ ਯੂਨੀਵਰਸਿਟੀ/ ਬੋਰਡ ਤੋਂ ਪਾਸ ਕਰਨ ਉਪਰੰਤ ਇਸ ਯੂਨੀਵਰਸਿਟੀ ਦੇ ਵਿਭਾਗਾਂ ਅਤੇ ਸੰਬੰਧਤ ਕਾਲਜਾਂ/ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਸੰਸਥਾਵਾਂ ਵਿਚ ਦਾਖਲਾ ਲੈਂਦੇ ਹਨ ਉਨ੍ਹਾਂ ਵਲੋਂ ਆਪਣੇ ਲੋਅਰ ਕਲਾਸ ਦੇ ਸਰਟੀਫਿਕੇਟ ਜਮ੍ਹਾਂ ਕਰਾਉਣ ਸਮੇਂ ਪਾਤਰਤਾ ਫਾਰਮ ਭਰਵਾਇਆ ਜਾਂਦਾ ਹੈ । ਇਨ੍ਹਾਂ ਵਿਦਿਆਰਥੀਆਂ ਦੀ ਪਾਤਰਤਾ ਸਮੇਂ ਸਿਰ ਚੈੱਕ ਕਰਨ ਵਾਸਤੇ ਵਿਭਾਗ/ ਕਾਲਜ/ ਸੰਸਥਾਵਾਂ ਵਲੋਂ ਪਾਤਰਤਾ ਫਾਰਮ ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾਂ ਕਰਾਉਣ ਦੀਆਂ ਤਰੀਕਾਂ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀਆਂ ਜਾਂਦੀਆ ਹਨ:-

**ਸਮੈਸਟਰ ਸਿਸਟਮ/ਯੂਨੀਵਰਸਿਟੀ ਕਾਲਜਾਂ / ਕੈਂਪਸ/ ਐਨੂਅਲ ਕਲਾਸਾਂ ਵਾਸਤੇ**

| | |
|---|---|
| **1.** ਬਿਨਾਂ ਲੇਟ ਫੀਸ | **11-08-2016** ਤੱਕ |
| **2. 500/-** ਰੁ: ਲੇਟ ਫੀਸ ਨਾਲ | **12-08-16** ਤੋਂ **12-9-16** ਤੱਕ |
| **3. 1000/-**ਰੁ: ਲੇਟ ਫੀਸ ਨਾਲ | **13-09-16** ਤੋਂ **26-9-16** ਤੱਕ |
| **4. 2000/-** ਰੁ: ਲੇਟ ਫੀਸ ਨਾਲ | **27-09-16** ਤੋਂ **10-10-16** ਤੱਕ |
| **5. 3000/-** ਰੁ:+ **500/-** ਰੁ ਪ੍ਰਤੀ ਮਹੀਨਾ (ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **11-10-16** ਤੋਂ (ਪਹਿਲੇ ਸਮੈਸਟਰ ਦੇ ਪੇਪਰ ਸ਼ੁਰੂ ਹੋਣ ਤੱਕ) |

**ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਐਸੋਸੀਏਟ ਸੰਸਥਾਵਾਂ ਅਤੇ ਬੀ. ਐੱਡ ਕਲਾਸਾਂ** ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਪਾਤਰਤਾ ਫਾਰਮ ਜਮ੍ਹਾਂ ਹੋਣ ਦੀਆਂ ਤਰੀਕਾ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀਆ ਜਾਂਦੀਆ ਹਨ:-

| | |
|---|---|
| **1.** ਬਿਨਾਂ ਲੇਟ ਫੀਸ | **05-09-2016** ਤੱਕ |
| **2. 500/-** ਰੁ: ਲੇਟ ਫੀਸ ਨਾਲ | **06-09-16** ਤੋਂ **22-9-16** ਤੱਕ |
| **3. 1000/-**ਰੁ: ਲੇਟ ਫੀਸ ਨਾਲ | **23-09-16** ਤੋਂ **12-10-16** ਤੱਕ |
| **4. 2000/-** ਰੁ: ਲੇਟ ਫੀਸ ਨਾਲ | **13-10-16** ਤੋਂ **24-10-16** ਤੱਕ |
| **5. 3000/-** ਰੁ:+ **500/-** ਰੁ ਪ੍ਰਤੀ ਮਹੀਨਾ (ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **25-10-16** ਤੋਂ (ਪਹਿਲੇ ਸਮੈਸਟਰ ਦੇ ਪੇਪਰ ਸ਼ੁਰੂ ਹੋਣ ਤੱਕ) |

ਜਿਨਾਂ ਕਲਾਸਾਂ ਦੇ ਇਮਤਿਹਾਨ ਸਮੈਸਟਰ ਸਿਸਟਮ ਅਧੀਨ ਹੁੰਦੇ ਹਨ ਉਨ੍ਹਾਂ ਵਿਦਿਆਰਥੀਆਂ ਦੇ ਪਾਤਰਤਾ ਫਾਰਮ ਜਮਾਂ ਕਰਾਉਣ ਦੀ ਆਖਰੀ ਮਿਤੀ ਉਪਰੋਕਤ ਫੀਸ ਨਾਲ ਪਹਿਲੇ ਸਮੈਸਟਰ ਦੇ ਇਮਤਿਹਾਨ ਸ਼ੁਰੂ ਹੋਣ ਤੱਕ ਹੀ ਹੋਵੇਗੀ । ਜੇਕਰ ਕਿਸੇ ਵਿਦਿਆਰਥੀ ਦਾ ਦਾਖਲਾ ਸੰਬੰਧਤ ਕੋਰਸ ਦੀ ਕੌਂਸਲਿੰਗ ਦੌਰਾਨ ਲੇਟ ਹੁੰਦਾ ਹੈ ਤਾਂ ਵੀ ਪਾਤਰਤਾ ਫਾਰਮ ਦਾਖਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਬਿਨਾਂ ਲੇਟ ਫੀਸ ਪ੍ਰਵਾਨ ਕੀਤਾ ਜਾਵੇਗਾ । ਦਾਖਲਿਆਂ ਦੇ ਸ਼ਡਿਊਲ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦਾ ਦਾਖਲਾ ਲੇਟ ਹੁੰਦਾ ਹੈ ਭਾਵ ਜਿਨ੍ਹਾਂ ਵਿਦਿਆਰਥੀਆਂ ਦਾ ਦਾਖਲਾ 100/- ਰੁ:, 200/- ਰੁ:, 500/- ਰੁ:, 1000/-ਰੁ: ਅਤੇ 5000/-ਰੁ: ਆਦਿ ਲੇਟ ਫੀਸ ਨਾਲ ਜਾਂ ਲੋਅਰ ਕਲਾਸ ਦਾ ਨਤੀਜਾ ਦੇਰੀ ਨਾਲ ਘੋਸ਼ਿਤ ਹੋਣ ਤੇ ਦਾਖਲਾ ਲੇਟ ਹੁੰਦਾ ਹੈ ਉਨ੍ਹਾਂ ਦੇ ਪਾਤਰਤਾ ਫਾਰਮ ਵੀ ਦਾਖਲੇ ਦੀ ਤਰੀਕ ਤੋਂ 10 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫੀਸ ਅਤੇ ਬਾਅਦ ਵਿਚ ਉਪਰੋਕਤ ਨਿਰਧਾਰਿਤ ਕੀਤੀਆਂ ਤਰੀਕਾਂ ਅਨੁਸਾਰ ਲੇਟ ਫੀਸ ਨਾਲ ਜਮ੍ਹਾਂ ਕਰਾਉਣ ਤੇ ਹੀ ਪਾਤਰਤਾ ਫਾਰਮ ਪ੍ਰਵਾਨ ਕੀਤਾ ਜਾਵੇਗਾ । B.Ed ਆਦਿ ਕਲਾਸਾਂ ਜਿਨ੍ਹਾਂ ਦੀ ਕੌਂਸਲਿੰਗ ਦੇਰ ਤੱਕ ਚਲਦੀ ਰਹਿੰਦੀ ਹੈ ਉਸ ਕੇਸ ਵਿਚ ਵੀ ਪ੍ਰਤੀ ਵਿਦਿਆਰਥੀ ਇਹ ਨੀਤੀ ਅਪਨਾਈ ਜਾਵੇਗੀ

**ਨੋਟ**:- ਕੋਸ਼ਿਸ਼ ਇਹ ਕੀਤੀ ਜਾਵੇ ਕਿ ਵਿਦਿਆਰਥੀਆਂ ਦੇ ਪਾਤਰਤਾ ਫਾਰਮ ਜਲਦੀ ਤੋਂ ਜਲਦੀ ਜਮ੍ਹਾਂ ਕਰਵਾਏ ਜਾਣ । ਜੇਕਰ ਪਾਤਰਤਾ ਫਾਰਮ ਲੇਟ ਜਮ੍ਹਾਂ ਕਰਵਾਉਣ ਕਾਰਨ ਵਿਦਿਆਰਥੀ ਦੀ ਪਾਤਰਤਾ ਚੈੱਕ ਕਰਦੇ ਸਮੇਂ ਉਹ ਅਯੋਗ ਪਾਇਆ ਜਾਂਦਾ ਹੈ ਤਾਂ ਇਸ ਸੰਬੰਧੀ ਸਾਰੀ ਜਿੰਮੇਵਾਰੀ ਕਾਲਜ ਦੀ ਹੋਵੇਗੀ । ਯੂਨੀਵਰਸਿਟੀ ਕੈਲੰਡਰ **2008** ਭਾਗ ਦੂਜਾ ਦੇ ਪੰਨਾ ਨੰ:**51** ਦੇ ਅਨੁਸਾਰ ਇਕ ਕਾਲਜ ਤੋਂ ਦੂਜੇ ਕਾਲਜ ਵਿਚ ਦਾਖਲਾ ਪ੍ਰਾਪਤ ਕਰਨ ਲਈ **No Objection** ਸਰਟੀਫਿਕੇਟ ਪ੍ਰਾਪਤ ਕਰਨਾ ਯਕੀਨੀ ਬਣਾਇਆ ਜਾਵੇ।

**(ੲ) ਦਾਖਲੇ ਉਪਰੰਤ ਰਜਿਸਟ੍ਰੇਸ਼ਨ ਰਿਟਰਨਾਂ ਭੇਜਣ ਸੰਬੰਧੀ ਹਦਾਇਤਾਂ ਸੈਸ਼ਨ 2016-17:-**

**ਵਿਸ਼ੇਸ਼ ਧਿਆਨ ਯੋਗ:** ਯੂਨੀਵਰਸਿਟੀ ਕੈਲੰਡਰ **2008** ਦੇ ਭਾਗ ਦੂਜਾ ਦੇ ਪੰਨਾ **36** ਤੇ ਦਰਜ ਅਧਿਆਦੇਸ਼ ਦੇ ਫੈਸਲੇ ਦੀ ਰੋਸ਼ਨੀ ਵਿਚ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਪੱਧਰ/ਮਾਸਟਰ ਪੱਧਰ ਦੇ ਕੋਰਸਾਂ ਵਿਚ ਦਾਖਲਾ ਨਾ ਦਿੱਤਾ ਜਾਵੇ ਪਰੰਤੂ ਸਿੰਡੀਕੇਟ ਵਲੋਂ ਜੇਕਰ ਨਿਯਮਾਂ ਵਿਚ ਛੋਟ ਦੇ ਕੇ ਕੁਝ ਸ਼ਰਤਾਂ ਤਹਿਤ ਕਿਸੇ ਕਲਾਸ ਵਿਚ ਦਾਖਲਾ ਪ੍ਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਸ਼ਰਤ ਨਾ ਪੂਰੀ ਹੋਣ ਦੀ ਸੂਰਤ ਵਿਚ ਦਿੱਤਾ ਗਿਆ ਦਾਖਲਾ ਆਪਣੇ ਆਪ ਰੱਦ ਸਮਝਿਆ ਜਾਵੇਗਾ। **+2** ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ **2016-17** ਲਈ ਇਸ ਯੂਨੀਵਰਸਿਟੀ ਦੀ **Eligibility Criteria Booklet 2016-17** ਦੇ ਪੰਨਾ ਨੰਬਰ 3 ਤੇ ਦਰਜ ਪੈਰਾਂ ਨੰਬਰ **III** ਦੇ ਅਨੁਸਾਰ ਹੀ ਦਾਖਲੇ ਸਬੰਧੀ ਕਾਰਵਾਈ ਕੀਤੀ ਜਾਵੇ ।

1. ਯੂਨੀਵਰਸਿਟੀ ਨਿਯਮਾਂ ਅਨੁਸਾਰ ਦਾਖਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ (ਦਾਖਲੇ ਦੀ ਮਿਤੀ ਜੋ ਪ੍ਰਿੰਸੀਪਲ ਦੀ ਆਗਿਆ ਨਾਲ ਆਖਰੀ ਮਿਤੀ ਦਿੱਤੀ ਗਈ ਹੈ । (ਇਸ ਦੇ ਲਈ ਜਨਰਲ ਸ਼ਾਖਾ ਵਲੋਂ ਜ਼ਾਰੀ ਦਾਖਲਾ ਸ਼ਡਿਊਲ ਵੇਖਿਆ ਜਾਵੇ ਜੀ) ਬਿਨਾਂ ਜੁਰਮਾਨਾ (ਨਿਰਧਾਰਤ ਫੀਸਾਂ ਸਮੇਤ) ਰਜਿਸਟ੍ਰੇਸ਼ਨ ਰਿਟਰਨਾਂ ਭੇਜੀਆਂ ਜਾਣੀਆਂ ਜ਼ਰੂਰੀ ਹਨ। ਇਕ ਮਹੀਨੇ ਤੋਂ ਬਾਅਦ ਜਿਹੜੀ ਰਜਿਸਟ੍ਰੇਸ਼ਨ ਰਿਟਰਨ ਭੇਜੀ ਜਾਵੇਗੀ ਉਸ ਦੀ **1000/-** ਰੁਪਏ ਪ੍ਰਤੀ ਦਿਨ ਪ੍ਰਤੀ ਰਿਟਰਨ ਦੇ ਹਿਸਾਬ ਨਾਲ ਪੀਨਲ ਫੀਸ ਵਸੂਲੀ ਜਾਵੇਗੀ ਅਤੇ ਜਿਹੜੀ ਰਜਿਸਟ੍ਰੇਸ਼ਨ ਰਿਟਰਨ ਦਾਖਲੇ ਦੀ ਮਿਤੀ ਤੋਂ ਦੋ ਮਹੀਨੇ ਬਾਅਦ ਭੇਜੀ ਜਾਵੇਗੀ ਉਸ ਦੀ **2000/-** ਰੁਪਏ ਪ੍ਰਤੀ ਦਿਨ ਪ੍ਰਤੀ ਰਿਟਰਨ ਦੇ ਹਿਸਾਬ ਨਾਲ ਪੀਨਲ ਫੀਸ ਵਸੂਲੀ ਜਾਵੇਗੀ । ਦਾਖਲੇ ਦੀ ਨਿਰਧਾਰਤ ਮਿਤੀ ਤੋਂ ਤਿੰਨ ਮਹੀਨੇ ਬਾਅਦ ਭੇਜੀਆਂ ਰਿਟਰਨਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ । ਇਸ ਸਬੰਧੀ ਨਿਯਮ ਯੂਨੀਵਰਸਿਟੀ ਕੈਲੰਡਰ **2008** ਭਾਗ ਦੂਜਾ ਦੇ ਪੰਨ-**1** ਤੇ ਅੰਕਿਤ ਉਪ-ਨਿਯਮ ਨੰ:**3** ਦੇ ਸੋਧੇ ਹੋਏ ਨਿਯਮ ਸਿੰਡੀਕੇਟ ਦੀ ਇੱਕਤਰਤਾ ਮਿੱਤੀ 30-8-2013 ਦੇ ਪੰਨਾ ਨੰ:2 ਦੇ ਪੈਰਾ ਨੰ:II ਤੇ ਅੰਕਿਤ ਹਨ।

2. ਸਿੰਡੀਕੇਟ ਦੀ ਪ੍ਰਵਾਨਗੀ ਨਾਲ 5000/- ਰੁਪਏ ਨਾਲ ਆਖਰੀ ਦਾਖਲਾ ਮਿਤੀ ਤੋਂ ਇਕ ਹਫਤੇ ਅੰਦਰ ਕਾਲਜ ਵਲੋਂ ਦਾਖਲ ਕੀਤੇ ਸਾਰੇ ਵਿਦਿਆਰਥੀਆਂ ਸਮੇਤ ਕੰਟੀਨਿਊਸ਼ਨ 'ੲ' ਪ੍ਰੋਫਾਰਮਾ ਮੇਲ/ਫਿਮੇਲ ਕਲਾਸ ਵਾਈਜ ਵੇਰਵਾ ਭੇਜਿਆ ਜਾਵੇ। ਇਹ ਵੇਰਵਾ ਸਾਰੇ ਵਿਦਿਆਰਥੀਆਂ ਦਾ ਇਕਠੇ ਹੀ ਭੇਜਿਆ ਜਾਵੇ ਅਤੇ ਹਰ ਕਲਾਸ ਦੇ ਹੇਠਾਂ Total ਵਿਦਿਆਰਥੀ ਜ਼ਰੂਰ ਲਿਖੇ ਜਾਣ।

3. ਰਿਟਰਨਾਂ ਕੇਵਲ ਯੂਨੀਵਰਸਿਟੀ ਵਲੋਂ ਨਿਰਧਾਰਤ ਪ੍ਰੋਫਾਰਮਿਆਂ "ੳ","ਅ","ੲ","ਸ" ਦੀ ਸ਼ਕਲ ਦੇ ਤਹਿਤ ਕੰਪਿਊਟਰ ਰਾਹੀ ਤਿਆਰ ਕੀਤੀਆਂ ਜਾਣ।**Under Graduate/ Post Graduate** ਕਲਾਸ ਦੀਆਂ ਰਿਟਰਨਾਂ ਸੰਬੰਧੀ **University Computer Section (Examination Wing)** ਵਲੋਂ ਜਾਰੀ **Format** ਅਨੁਸਾਰ ਤਿਆਰ ਕੀਤੀਆ ਜਾਣ ਤੇ **Computer CD** ਕੰਪਿਊਟਰ ਸੈਕਸ਼ਨ ਵਿਚ ਜਮ੍ਹਾਂ ਕਰਵਾਈ ਜਾਵੇ ਅਤੇ ਉਸਦਾ ਸਬੂਤ (ਰਸੀਦ) ਰਜਿਸਟ੍ਰੇਸ਼ਨ ਸ਼ਾਖਾ ਵਿਚ ਜਮ੍ਹਾਂ ਕਰਵਾਇਆ ਜਾਵੇ । ਇਸ **CD** ਦਾ **Printout (Hardcopy)** ਹੀ ਰਜਿਸਟ੍ਰੇਸ਼ਨ ਰਿਟਰਨ ਦੇ ਤੌਰ ਤੇ ਇਸ ਸ਼ਾਖਾ ਨੂੰ ਭੇਜਿਆ ਜਾਵੇ । ਜੇਕਰ ਰਜਿਸਟ੍ਰੇਸ਼ਨ ਰਿਟਰਨਾਂ ਦੇ Software ਬਾਰੇ ਕਾਲਜ ਦੀ ਕੋਈ ਵੀ **Enquiry** ਹੈ ਤਾਂ ਉਸ ਲਈ ਸ੍ਰ: ਸਰਬਜੀਤ ਸਿੰਘ, ਸਿਸਟਮ ਮੈਨੇਜ਼ਰ, ਪ੍ਰੀਖਿਆਵਾਂ ਵਿੰਗ **(Mob. No.9501023427)** ਨਾਲ ਸੰਪਰਕ ਕਰ ਲਿਆ ਜਾਵੇ ।

4. ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਰਿਟਰਨਾਂ ਵਖਰੀਆਂ ਅਤੇ ਨਿਰਧਾਰਤ ਪ੍ਰੋਫਾਰਮੇ ਤੇ ਉਪਰੋਕਤ ਵਿਧੀ ਅਨੁਸਾਰ ਤਿਆਰ ਕਰਨ ਉਪਰੰਤ ਅਤੇ ਸਿੱਧੀਆਂ ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਦਫ਼ਤਰ ਪਾਸੋਂ **"Mark"** ਕਰਵਾ ਕੇ ਇਸ ਦਫ਼ਤਰ ਵਿਚ ਨਿੱਜੀ ਪੱਧਰ ਤੇ ਸ਼ਡਿਊਲ ਮੁਤਾਬਿਕ ਨਿਰਧਾਰਤ ਸਮੇਂ ਵਿਚ ਜਮ੍ਹਾਂ ਕਰਵਾਈਆਂ ਜਾਣ । ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2016-17 ਦੌਰਾਨ ਜਿਹੜੇ ਕੋਰਸ ਚਲਾਏ ਜਾ ਰਹੇ ਹਨ, ਉਨ੍ਹਾਂ ਦੀ ਸਾਰੀਆਂ ਕਲਾਸਾਂ ਦੀ ਰਜਿਸਟ੍ਰੇਸ਼ਨ ਰਿਟਰਨ ਦਾਖਲਾ **CD** ਉਪਰੋਕਤ ਅਨੁਸਾਰ ਭੇਜਣੀ ਜ਼ਰੂਰੀ ਹੈ । ਜਿਨ੍ਹਾਂ ਮੁੱਖ ਕਾਲਜਾਂ ਵਿਚ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਕਲਾਸਾਂ ਚਲ ਰਹੀਆਂ ਹਨ, ਉਨ੍ਹਾਂ ਸਬੰਧੀ ਪੱਤਰ-ਵਿਹਾਰ ਅਤੇ ਦਾਖਲਾ ਰਿਟਰਨਾਂ ਮੁਖ ਕਾਲਜ ਨਾਲੋਂ ਵੱਖ ਭੇਜੀਆਂ ਜਾਣ ਅਤੇ ਹਰੇਕ ਪਾਤਰਤਾ ਫਾਰਮ ਅਤੇ ਰਿਟਰਨ ਤੇ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਮੋਟੇ ਅੱਖਰਾਂ ਨਾਲ ਲਿਖਿਆ ਜਾਵੇ ਤਾਂ ਜੋ ਇਹਨਾਂ ਦੀਆਂ ਫੀਸਾਂ ਦੀ ਜਾਂਚ ਅਤੇ ਪਾਤਰਤਾ ਸਹੀ ਪਾਈ ਜਾ ਸਕੇ ।

**5.** ਰਜਿਸਟ੍ਰੇਸ਼ਨ ਰਿਟਰਨਾਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਇਕੋ ਵਾਰੀ ਰੋਲ ਨੰਬਰ ਵਾਈਜ਼/ ਫੈਕਲਟੀ ਵਾਈਜ਼ **Computerised** ਟਾਈਪ ਕਰਕੇ ਅਤੇ ਹਰੇਕ ਪੰਨੇ ਤੇ ਪ੍ਰਿੰਸੀਪਲ/ ਰਜਿਸਟਰਾਰ/ ਮੁੱਖੀ ਤੋਂ ਹਸਤਾਖਰ ਕਰਵਾ ਕੇ ਮੁਕੰਮਲ ਰੂਪ ਵਿਚ ਭੇਜੀਆਂ ਜਾਣ ਨਹੀਂ ਤਾਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਰਿਟਰਨਾਂ ਵਿਚ ਇੰਦਰਾਜ ਵਿਦਿਆਰਥੀਆਂ ਵਲੋਂ ਪਾਸ ਕੀਤੀ ਗਈ ਹੇਠਲੀ ਪ੍ਰੀਖਿਆ ਦੇ ਅਸਲੀ ਸਰਟੀਫਿਕੇਟ ਦੇ ਆਧਾਰ ਤੇ ਕੀਤੇ ਜਾਣ ਅਤੇ ਸਾਰੇ ਅਸਲ ਸਰਟੀਫਿਕੇਟ ਦਾਖਲਾ ਰਿਟਰਨਾਂ ਤੋਂ ਵੱਖਰੇ ਹੇਠ ਲਿਖੇ ਵੇਰਵੇ ਅਨੁਸਾਰ ਪ੍ਰਾਪਤ ਕੀਤੇ ਜਾਣਗੇ :- ਵਿਦਿਆਰਥੀਆਂ ਦੇ ਦਾਖਲੇ ਨਾਲ ਸੰਬੰਧਤ ਸਾਰੇ ਦਸਤਾਵੇਜ਼ (ਸਮੇਤ ਮਾਈਗ੍ਰੇਸ਼ਨ ਸਰਟੀਫਿਕੇਟ-ਜਿੱਥੇ ਨਿਯਮਾਂ ਅਨੁਸਾਰ ਲੋੜ ਹੋਵੇਗੀ) ਜਮ੍ਹਾਂ ਕਰਾਉਣ ਸੰਬੰਧੀ ਮਿਆਦ ਹੇਠ ਲਿਖੇ ਅਨੁਸਾਰ ਹੋਵੇਗੀ :-

| | |
|---|---|
| **(i)** ਬਿਨਾਂ ਜੁਰਮਾਨਾ ਆਖਰੀ ਹੱਦ | **ਅਗਸਤ ਮਹੀਨੇ ਦੇ ਪਹਿਲੇ ਹਫ਼ਤੇ ਤੱਕ** |
| **(ii) 100/-** ਰੁ: ਪ੍ਰਤੀ ਵਿਦਿਆਰਥੀ ਜੁਰਮਾਨੇ ਨਾਲ | **ਅਗਸਤ ਮਹੀਨੇ ਦੇ ਅਖੀਰਲੇ ਹਫ਼ਤੇ ਤੱਕ** |
| **(iii) 200/-** ਰੁ: ਪ੍ਰਤੀ ਵਿਦਿਆਰਥੀ ਜੁਰਮਾਨੇ ਨਾਲ | **ਸਤੰਬਰ ਮਹੀਨੇ ਦੇ ਦੂਸਰੇ ਹਫ਼ਤੇ ਤੱਕ** |

**ਨੋਟ**:- ਉਪਰੋਕਤ ਮਿਆਦ ਤੋਂ ਬਾਅਦ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਅਕਤੂਬਰ ਮਹੀਨੇ ਤੱਕ **500/-** ਰੁ: ਪ੍ਰਤੀ ਵਿਦਿਆਰਥੀ ਜੁਰਮਾਨਾ ਹੋਵੇਗਾ ਅਤੇ ਇਸ ਤੋਂ ਬਾਅਦ **1000/-** ਪ੍ਰਤੀ ਵਿਦਿਆਰਥੀ ਜੁਰਮਾਨੇ ਨਾਲ ਵਿਸ਼ੇਸ਼ ਹਾਲਾਤਾਂ ਵਿੱਚ ਹੀ ਦਸਤਾਵੇਜ਼ ਪ੍ਰਾਪਤ ਕੀਤੇ ਜਾਣਗੇ ਜਿਸ ਸੰਬੰਧੀ ਕਾਲਜ/ ਸੰਸਥਾਂ ਨੂੰ ਦੇਰੀ ਲਈ ਢੁਕਵਾ ਸਪਸ਼ਟੀਕਰਨ ਦੇਣਾ ਜ਼ਰੂਰੀ ਹੋਵੇਗਾ ।

**B.Ed** ਜਾਂ ਕੋਈ ਹੋਰ ਕਲਾਸ ਜਿਨ੍ਹਾਂ ਦੇ ਦਾਖਲੇ ਰਾਜ-ਪੱਧਰੀ ਐਂਟਰੈਂਸ ਟੈਸਟ ਉਪਰੰਤ **Merit/Counselling** ਦੇ ਆਧਾਰ ਤੇ ਕੀਤੇ ਜਾਂਦੇ ਹਨ, ਉਨ੍ਹਾਂ ਦੇ ਸਾਰੇ ਲੋੜੀਂਦੇ ਦਸਤਾਵੇਜ਼, ਸੀਟ ਅਲਾਟਮੈਂਟ ਦੀ ਫੋਟੋ ਕਾਪੀ (ਸਮੇਤ ਮਾਈਗ੍ਰੇਸ਼ਨ ਸਰਟੀਫਿਕੇਟ-ਜਿਥੇ ਲਾਗੂ ਹੋਵੇਗਾ) ਦਾਖਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਏ ਜਾਣ ਨਹੀਂ ਤਾਂ ਸੰਬੰਧਤ ਵਿਦਿਆਰਥੀ ਜਿਨ੍ਹਾਂ ਦੇ ਦਸਤਾਵੇਜ਼ ਲੇਟ ਜਮ੍ਹਾਂ ਕਰਵਾਏ ਜਾਣਗੇ ਉਨ੍ਹਾਂ ਪਾਸੋਂ **200/-** ਰੁਪਏ ਪ੍ਰਤੀ ਮਹੀਨਾ ਜੁਰਮਾਨਾ ਲਿਆ ਜਾਵੇਗਾ । ਬੀ.ਐਡ ਚਾਰ ਸਮੈਸਟਰ ਦੀ ਹੋ ਜਾਣ ਕਾਰਨ ਤੀਸਰੇ ਸਮੈਸਟਰ ਵਿੱਚ ਦਾਖਲ ਵਿਦਿਆਰਥੀ/ਵਿਦਿਆਰਥਣਾਂ ਦੀ ਰਿਟਰਨ 'ੲ' ਪ੍ਰੋਫਾਰਮੇ ਵਿਚ ਸਾਰੀਆਂ ਫੀਸਾਂ ਸਮੇਤ ਭੇਜੀ ਜਾਵੇ।

6. ਯੂਨੀਵਰਸਿਟੀ ਵਿਭਾਗਾਂ ਵਿਚ ਜਾਂ ਬੀ.ਐਡ ਕੋਰਸ ਵਿਚ ਦਾਖਲ ਹੋਏ ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ ਕੈਟਾਗਰੀ-ਵਾਈਜ਼ ਅਤੇ ਸਾਰੇ ਅਸਲ ਸਰਟੀਫਿਕੇਟ (ਜਿਵੇਂ ਕਿ ਬੀ.ਏ./ਬੀ.ਐਸ.ਸੀ ਭਾਗ ਤੀਜਾ/ਸਮੈਸਟਰ ਛੇਵਾ ਦਾ ਡੀ.ਐਮ.ਸੀ., ਮਾਈਗ੍ਰੇਸ਼ਨ ਸਰਟੀਫਿਕੇਟ, ਰੈਜੀਡੈਂਸ ਸਰਟੀਫਿਕੇਟ, ਐਸ.ਸੀ/ਐਸ.ਟੀ/ਬੀ.ਸੀ ਸਰਟੀਫਿਕੇਟ, ਬੀ.ਐਡ ਦਾਖਲੇ ਦੀ ਸੀਟ ਅਲਾਟਮੈਂਟ ਦੀ ਕਾਪੀ/ਸਲੈਕਸ਼ਨ ਲਿਸਟ, ਰਜਿਸਟ੍ਰੇਸ਼ਨ ਰਿਟਰਨਾਂ ਦੇ ਨਾਲ ਹੀ ਇਸ ਦਫਤਰ ਨੂੰ ਭੇਜੇ ਜਾਣ। ਬੀ.ਐਡ ਕਾਲਜਾਂ ਵਲੋਂ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਦੀ ਜਾਣਕਾਰੀ ਵੀ ਅੰਕਿਤ ਕੀਤੀ ਜਾਵੇ।

**ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਦਾਖਲਾ ਲੈਣ ਬਾਰੇ ਵਿਦਿਆਰਥੀਆਂ ਸੰਬੰਧੀ** :- ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਵਿਦਿਆਰਥੀ ਪੰਜਾਬ ਸਕੂਲ ਸਿਖਿਆ ਬੋਰਡ ਦੇ **+2** ਦੇ ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਦਾਖਲਾ ਲੈ ਰਹੇ ਹਨ । ਜਾਅਲੀ ਸਰਟੀਫਿਕੇਟਾਂ ਦੀ ਬਣਤਰ/ ਸ਼ਕਲ/ ਦਿਖ/ ਰੰਗ/ ਪੇਪਰ ਅਸਲੀ ਸਰਟੀਫਿਕੇਟ ਨਾਲੋਂ ਕਾਫੀ ਭਿੰਨ ਹੁੰਦਾ ਹੈ ਜਿਸ ਦਾ ਅਸਾਨੀ ਨਾਲ ਹੀ ਪਤਾ ਚੱਲ ਜਾਂਦਾ ਹੈ ਪਰੰਤੂ ਫਿਰ ਵੀ ਕੁਝ ਕਾਲਜਾਂ ਵਿੱਚ ਪਿਛਲੇ ਸਾਲਾਂ ਦੌਰਾਨ ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ । ਇਸ ਸੰਬੰਧੀ ਸੁਚੇਤ ਰਹਿਣ ਲਈ ਬੇਨਤੀ ਕਰਦੇ ਹੋਏ ਸੁਝਾਅ ਦਿੱਤਾ ਜਾਦਾ ਹੈ ਕਿ ਜਿੱਥੇ ਕਿਤੇ ਵੀ ਸਰਟੀਫਿਕੇਟ ਜਾਅਲੀ ਹੋਣ ਦਾ ਸ਼ੱਕ ਹੋਵੇ ਉਥੇ ਵਿਦਿਆਰਥੀਆਂ ਪਾਸੋਂ ਗਜ਼ਟ/ ਨੋਟੀਫਿਕੇਸ਼ਨਾਂ ਦੀ ਕਾਪੀ ਦੀ ਮੰਗ ਕੀਤੀ ਜਾਵੇ ।ਇਸ ਤਰ੍ਹਾਂ ਹੀ ਜਿਥੇ ਦੂਸਰੇ ਬੋਰਡਾਂ/ ਯੂਨੀਵਰਸਿਟੀਆਂ ਦੇ ਸਰਟੀਫਿਕੇਟ ਸ਼ੱਕੀ ਹੋਣ ਉਥੇ ਚੰਗੀ ਤਰ੍ਹਾਂ ਤਸੱਲੀ ਕਰਨ ਉਪਰੰਤ ਹੀ ਦਾਖਲਾ ਦਿੱਤਾ ਜਾਵੇ। **ਅਜਿਹੇ ਕੇਸਾਂ ਵਿੱਚ ਗਲਤ ਦਾਖਲੇ ਦੀ ਸਾਰੀ ਜ਼ਿੰਮੇਵਾਰੀ ਕਾਲਜ/ ਸੰਸਥਾਂ ਦੀ ਹੋਵੇਗੀ ਅਤੇ ਕਾਲਜ/ ਸੰਸਥਾ ਪਾਸੋ ਜੁਰਮਾਨਾ ਵੀ ਵਸੂਲਿਆ ਜਾਵੇਗਾ ਤੇ ਵਿਦਿਆਰਥੀ ਨੂੰ ਹਮੇਸ਼ਾ ਲਈ Permanently debar ਕੀਤਾ ਜਾਵੇਗਾ । ਯੂਨੀਵਰਸਿਟੀ ਵਲੋਂ ਜਾਰੀ ਪੱਤਰ ਨੰਬਰ 830-1230 ਰਜਿ ਮਿੱਤੀ 10-3-15 ਨੂੰ ਮੁੱਖ ਰਖਦਿਆਂ ਉਸ ਵਿਦਿਆਰਥੀ ਉਪਰ FIR ਦਰਜ ਕੀਤੀ ਜਾਵੇਗੀ ।**

**7.** ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ ਹੇਠ ਲਿਖੇ ਅਨੁਸਾਰ ਦਰਸਾਏ ਗਏ ਪ੍ਰੋਫਾਰਮਿਆਂ ਤੇ ਭੇਜੀਆਂ ਜਾਣ :-

(i) 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ } ਕਰਕੇ ਆਉਣ ਵਾਲੇ ਵਿਦਿਆਰਥੀਆਂ ਦੀ ਰਿਟਰਨ । **"ੳ ਫਾਰਮ"**

(ii) ਜਿਨ੍ਹਾਂ ਨੇ ਹੇਠਲੀ ਪ੍ਰੀਖਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਾਂ } "**ਅ ਫਾਰਮ**"
ਪੰਜਾਬ ਸਕੂਲ ਸਿੱਖਿਆਂ ਬੋਰਡ ਤੋਂ ਪਾਸ ਨਹੀਂ ਕੀਤੀ ਉਨ੍ਹਾਂ ਦੀ ਰਿਟਰਨ ।

ਜਿਹੜੇ ਵਿਦਿਆਰਥੀ ਇਸ ਯੂਨੀਵਰਸਿਟੀ ਨਾਲ ਪਹਿਲਾਂ ਰਜਿਸਟਰਡ ਹਨ ਅਤੇ ਮਾਈਗ੍ਰੇਟ ਹੋ ਕੇ ਦੂਜੀਆ ਯੂਨੀਵਰਸਿਟੀਆਂ ਵਿਚ ਚਲੇ ਜਾਦੇ ਹਨ ਅਤੇ ਫਿਰ ਦੁਬਾਰਾ ਇਸ ਯੂਨੀਵਰਸਿਟੀ ਵਿਚ ਦਾਖਲਾ ਲੈ ਲੈਂਦੇ ਹਨ ਉਨ੍ਹਾਂ ਦੀ ਦਾਖਲਾ ਰਿਟਰਨ "**ਅ ਫਾਰਮ**" ਤੇ ਹੀ ਭੇਜੀ ਜਾਵੇ ।

(iii) ਬੀ.ਏ/ਬੀ.ਐਸ.ਸੀ ਜਾਂ ਕੋਈ ਵੀ ਹੋਰ **Integrated Course** ਦੇ ਭਾਗ ਦੂਜਾ/ਤੀਜਾ ਸਮੈਸਟਰ ਜਾਂ ਭਾਗ ਤੀਜਾ/ਪੰਜਵੇ ਸਮੈਸਟਰ ਅਤੇ ਐਮ.ਏ/ਐਮ ਐਸ.ਸੀ. ਭਾਗ ਦੂਜਾ/ਤੀਜਾ ਸਮੈਸਟਰ ਕਲਾਸ ਵਿਚ ਦਾਖਲ ਹੋਏ ਵਿਦਿਆਰਥੀ ਜੋ ਇਸ ਯੂਨੀਵਰਸਿਟੀ ਨਾਲ ਪਹਿਲਾਂ ਹੀ ਰਜਿਟਰਡ ਹਨ ।ਉਨ੍ਹਾਂ ਦੀ ਦਾਖਲਾ ਰਿਟਰਨ "**ੲ ਫਾਰਮ**" ਤੇ ਹੀ ਭੇਜੀ ਜਾਵੇ ।

(iv) ਇਸ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਪੋਸਟ ਗਰੇਜੂਏਟ ਕਲਾਸਾਂ/ ਡਿਪਲੋਮਿਆਂ ਵਿਚ ਦਾਖਲ ਹੋਣ ਵਾਲੇ ਉਹ ਵਿਦਿਆਰਥੀ ਜੋ ਮਾਈਗਰੇਟ ਹੋ ਕੇ ਕਿਸੇ ਦੂਜੀ ਯੂਨੀਵਰਸਿਟੀ ਵਿਚ ਨਹੀ ਗਏ ।ਉਨ੍ਹਾਂ ਦੀ ਦਾਖਲਾ ਰਿਟਰਨ "**ਸ ਫਾਰਮ**" ਤੇ ਹੀ ਭੇਜੀ ਜਾਵੇ ।

(v) ਜਿਹੜੇ ਵਿਦਿਆਰਥੀ **Add on Course** ਵੀ ਕਰਦੇ ਹਨ ਉਨ੍ਹਾਂ ਦੀ ਦਾਖਲਾ ਰਿਟਰਨ ਵੀ "**ਸ ਫਾਰਮ**" ਤੇ ਵੱਖਰੀ ਭੇਜੀ ਜਾਵੇ ਅਤੇ ਇਸ ਕੋਰਸ ਦੀ **200/-** ਰੁਪਏ ਪ੍ਰਤੀ ਵਿਦਿਆਰਥੀ **Enrollment Fee** ਵੀ ਭੇਜੀ ਜਾਵੇ ।

(vi) ਜਿਨ੍ਹਾਂ ਵਿਦਿਆਰਥੀਆਂ ਨੂੰ ਮੁੜ-ਮੁਲਾਂਕਣ/ ਵਿਸ਼ੇਸ਼ ਮੌਕਾ ਆਦਿ ਨਾਲ ਨਤੀਜਾ ਲੇਟ ਘੋਸ਼ਿਤ ਹੋਣ ਕਾਰਨ ਦਾਖਲਾ ਸ਼ਡਿਊਲ ਤੋਂ ਬਾਅਦ ਦਾਖਲਾ ਕਰਨ ਉਪਰੰਤ ਰਜਿਸਟ੍ਰੇਸ਼ਨ ਰਿਟਰਨ (ਨਤੀਜੇ ਦੀ ਕਾਪੀ ਨੱਥੀ ਕਰਕੇ) ਇਸ ਦਫ਼ਤਰ ਨੂੰ ਭੇਜੀ ਜਾਂਦੀ ਹੈ ਉਨ੍ਹਾਂ ਵਿਦਿਆਰਥੀਆਂ ਦੀ ਰਿਟਰਨ ਭੇਜਦੇ ਸਮੇਂ Remark/ਵੇਰਵਾ ਮੋਟੇ ਅੱਖਰਾ ਵਿੱਚ ਲਿੱਖ ਕੇ ਭੇਜਿਆ ਜਾਵੇ ।

**ਨੋਟ**:-ਉਪਰੋਕਤ „ੳ","ਅ","ੲ" ਅਤੇ „ਸ" ਪ੍ਰੋਫਾਰਮੇ ਤੇ ਰਿਟਰਨਾਂ ਇਕ ਲਾਈਨ ਖਾਲੀ ਛੱਡ ਕੇ **A-4** ਸਾਈਜ਼ ਦੇ ਪੇਪਰ ਤੇ ਟਾਈਪ ਕਰਕੇ ਭੇਜੀਆ ਜਾਣ ਅਤੇ ਕੋਈ ਵੀ **Manual** ਰਿਟਰਨ ਪ੍ਰਵਾਨ ਨਹੀਂ ਕੀਤੀ ਜਾਵੇਗੀ ।

**8.** ਜਿਹੜੇ ਵਿਦਿਆਰਥੀ 10+2 ਦੀ ਪ੍ਰੀਖਿਆ ਦੇ ਅਧਾਰ ਤੇ ਦਾਖਲਾ ਲੈਂਦੇ ਹਨ ਅਤੇ ਫੇਲ ਹੋ ਜਾਣ ਕਾਰਣ ਉਹ ਵਿਦਿਆਰਥੀ ਅਗਲੇ ਸਾਲ ਫੈਕਲਟੀ/ਕਲਾਸ ਬਦਲ ਲੈਂਦੇ ਹਨ ਤਾਂ ਉਹਨਾਂ ਦੀ ਰਜਿਸਟ੍ਰੇਸ਼ਨ ਰਿਟਰਨ ਪੁਰਾਣਾ ਰਜਿਸਟ੍ਰੇਸ਼ਨ ਨੰਬਰ ਲਗਾ ਕੇ ਨਿਰਧਾਰਤ ਫਾਰਮ "ਸ" ਤੇ ਭੇਜੀ ਜਾਵੇ। ਜੇਕਰ ਕੋਈ ਵੀ ਰਿਟਰਨ ਗਲਤ ਭੇਜੀ ਗਈ ਹੈ ਤਾਂ ਨਵੀਂ ਰਜਿਸਟ੍ਰੇਸ਼ਨ ਰਿਟਰਨ 500/- ਰੁਪਏ ਪੀਨਲ ਫੀਸ ਲੈ ਕੇ ਪ੍ਰਵਾਨ ਕੀਤੀ ਜਾਵੇਗੀ । ਸੀ.ਬੀ.ਐਸ.ਈ./ਆਈ.ਸੀ.ਐਸ.ਈ ਬੋਰਡ ਦੇ ਵਿਦਿਆਰਥੀਆਂ ਦੇ ਕੇਵਲ ਪਾਤਰਤਾ ਫਾਰਮ ਅਤੇ ਫੀਸ ਭੇਜੀ ਜਾਵੇ ਅਤੇ ਪੰਜਾਬ ਤੋਂ ਬਾਹਰ ਦੇ ਬੋਰਡਾਂ ਦੇ ਵਿਦਿਆਰਥੀਆਂ ਦਾ ਨਵੀਂ ਕਲਾਸ ਲਈ ਪਾਤਰਤਾ ਫਾਰਮ ਭਰਵਾਇਆ ਜਾਵੇ ਅਤੇ ਲੋਅਰ ਕਲਾਸ ਦੇ ਸਰਟੀਫਿਕੇਟ ਦੁਬਾਰਾ ਭੇਜ ਕੇ ਪਾਤਰਤਾ ਚੈਕ ਕਰਾਈ ਜਾਵੇ ।

**9.** ਯੂਨੀਵਰਸਿਟੀ ਟੀਚਿੰਗ ਵਿਭਾਗਾਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ "ਕੈਟਾਗਰੀ ਵਾਈਜ਼" ਭਾਵ ਜਨਰਲ/ ਅਨੁਸੂਚਿਤ ਜਾਤੀ/ ਪੱਛੜੀ ਸ਼੍ਰੇਣੀ/ ਦੂਸਰੀਆਂ ਕੈਟਾਗਰੀਜ਼ ਅਤੇ ਸੈਲਫ਼ ਫਾਈਨਾਂਸ ਆਦਿ ਤਰਤੀਬ ਵਾਈਜ਼ ਵਿਚ ਮੈਰਿਟ/ ਸਿਲੈਕਸ਼ਨ ਲਿਸਟ ਸਮੇਤ ਭੇਜੀਆਂ ਜਾਣ । ਰਾਜ ਪੱਧਰੀ ਟੈਸਟ ਦੇ ਅਧਾਰ ਤੇ ਦਾਖਲ ਕੀਤੇ ਵਿਦਿਆਰਥੀਆਂ ਨੂੰ ਕੋਰਸ ਵਿਚ **Join** ਕਰਵਾਉਣ ਤੋਂ ਪਹਿਲਾਂ ਯੂਨੀਵਰਸਿਟੀ ਦੇ **Reservation** ਸਬੰਧੀ ਨਿਯਮਾਂ ਨੂੰ ਧਿਆਨ ਵਿਚ ਰੱਖਿਆ ਜਾਵੇ।

**10**. ਜਿਨ੍ਹਾਂ ਕਲਾਸਾਂ ਦੇ ਦਾਖਲੇ ਐਂਟਰੈਂਸ ਟੈਸਟ/ਮੈਰਿਟ ਦੇ ਆਧਾਰ ਤੇ ਕੀਤੇ ਜਾਣੇ ਹਨ ਉਹਨਾਂ ਦੀਆਂ ਰਿਟਰਨਾਂ ਕੈਟਾਗਰੀ ਵਾਈਜ਼ ਜਨਰਲ/ ਅਨੁਸੂਚਿਤ ਜਾਤੀ/ ਪੱਛੜੀ ਸ਼ੇਣੀ ਅਨੁਸਾਰ ਭੇਜੀਆਂ ਜਾਣ ਜਿਸ ਵਿਚ ਐਟਰੈਂਸ ਟੈਸਟ ਦਾ ਮੈਰਿਟ ਨੰਬਰ ਅਤੇ ਰੋਲ ਨੰਬਰ ਰੀਮਾਰਕਸ ਦੇ ਖਾਨੇ ਵਿਚ ਲਿਖੇ ਜਾਣ । ਯੂਨੀਵਰਸਿਟੀ ਟੀਚਿੰਗ ਵਿਭਾਗਾਂ ਵਿਚ ਜਾਂ ਐਜੂਕੇਸ਼ਨ ਕਾਲਜਾਂ ਵਿਚ ਬੀ.ਐਡ ਕੋਰਸ ਵਿਚ ਦਾਖਲ ਹੋਏ ਵਿਦਿਆਰਥੀਆਂ ਦੇ ਐਂਟਰੈਂਸ ਟੈਸਟ ਦਾ ਮੈਰਿਟ ਨੰਬਰ/ ਰੋਲ ਨੰਬਰ/ ਜਿਸ ਕੈਟਾਗਰੀ ਵਿਚ ਦਾਖਲਾ ਲਿਆ ਹੈ ਰਿਟਰਨ ਤੇ ਜ਼ਰੂਰ ਲਿਖਿਆ ਜਾਵੇ ।

**11.** ਫੈਕਲਟੀ/ਕਲਾਸ ਦਾਖਲੇ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-2 ਤਬਦੀਲ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਫੈਕਲਟੀ/ ਕਲਾਸ ਵਿਚ ਤਬਦੀਲੀ ਦੀ ਆਗਿਆ ਨਹੀਂ ਦਿੱਤੀ ਜਾਵੇਗੀ । ਫੈਕਲਟੀ/ ਕਲਾਸ ਦੀ ਤਬਦੀਲੀ ਸੰਬੰਧੀ ਸੂਚਨਾ ਪੱਤਰ ਰਾਹੀਂ ਇਸ ਦਫਤਰ ਨੂੰ ਤਬਦੀਲੀ ਕਰਨ ਤੋਂ ਇਕ ਹਫਤੇ ਦੇ ਅੰਦਰ-2 ਪਹੁੰਚ ਜਾਣੀ ਚਾਹੀਦੀ ਹੈ । ਇਸ ਸੰਬੰਧੀ ਯੂਨੀਵਰਸਿਟੀ ਨਿਯਮ ਯੂਨੀਵਰਸਿਟੀ ਕੈਲੰਡਰ **2008** ਭਾਗ ਦੂਜਾ ਦੇ ਪੰਨਾ **132** ਤੇ ਅੰਕਿਤ ਹਨ ।

**12.** ਵੱਖ-ਵੱਖ ਕੋਰਸਾਂ ਦੇ ਦਾਖਲੇ ਯੂਨੀਵਰਸਿਟੀ ਦੁਆਰਾ ਅਲਾਟ ਕੀਤੀ ਗਈ ਨਿਰਧਾਰਤ ਗਿਣਤੀ **(Student Sanctioned Strength)** ਅਨੁਸਾਰ ਹੀ ਕੀਤੇ ਜਾਣ । ਸਿੰਡੀਕੇਟ ਦੀ ਇੱਕਤਰਤਾ ਮਿਤੀ **4-5-2007** ਦੇ ਪੈਰਾ **21** ਅਨੁਸਾਰ ਵਾਧੂ ਕੀਤੇ ਦਾਖਲੇ ਵਾਲੇ ਕਾਲਜ ਸਬੰਧਿਤ ਵਿਦਿਆਰਥੀਆਂ ਦੀ ਕੁਲ ਫੀਸ ਸਮੇਤ ਫੰਡ (ਸਾਰੇ ਕੋਰਸ ਲਈ) ਯੂਨੀਵਰਸਿਟੀ ਦਫਤਰ ਵਿਖੇ ਜਮਾਂ ਕਰਵਾਉਣਗੇ । ਇਸ ਤੋਂ ਇਲਾਵਾ ਜਿਹੜੇ ਕਾਲਜਾਂ ਨੇ ਯੂਨੀਵਰਸਿਟੀ ਦੀ ਅਗਾਉ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਕੋਈ ਕੋਰਸ/ਕਲਾਸ ਸ਼ੁਰੂ ਕੀਤੀ ਹੈ ਤਾਂ ਉਨਾਂ ਕੋਲੋ ਅੰਡਰ-ਗ੍ਰੈਜੂਏਟ ਕਲਾਸਾਂ ਲਈ **50000/-** ਰੁਪਏ (ਪੰਜਾਹ ਹਜਾਰ) ਪ੍ਰਤੀ ਕੋਰਸ/ਕਲਾਸ ਅਤੇ ਪ੍ਰੋਫੈਸ਼ਨਲ ਤੇ ਮਾਸਟਰ ਪਧਰ ਦੇ ਕੋਰਸਾ ਲਈ **100000/-** ਰੁਪਏ (ਇਕ ਲੱਖ) ਜੁਰਮਾਨੇ ਵਜੋਂ ਵਸੂਲ ਕੀਤੇ ਜਾਣਗੇ । ਯੂਨੀਵਰਸਿਟੀ ਵਲੋਂ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਵੱਖ-ਵੱਖ ਕੋਰਸਾਂ/ਕਲਾਸਾਂ ਵਿਚ ਜੋ ਦਾਖਲਾ ਦਿੱਤਾ ਜਾਣਾ ਹੈ ਉਸ ਬਾਰੇ ਵੀ ਇਹ ਯਕੀਨੀ ਬਣਾਇਆ ਜਾਵੇ ਕਿ ਦਾਖਲਾ ਯੂਨੀਵਰਸਿਟੀ ਵਲੋਂ ਪ੍ਰਵਾਨਿਤ ਸੀਟਾਂ **(Sanctioned Strength)** ਦੇ ਅਧਾਰ ਤੇ ਕੀਤਾ ਗਿਆ ਹੈ।ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਕੋਰਸਾਂ ਦੀਆਂ ਫੀਸਾਂ ਦੀਆਂ ਰਸੀਦਾਂ ਵੀ ਵੱਖ-ਵੱਖ ਕੈਟਾਗਰੀ ਵਾਈਜ਼ ਕੱਟਵਾਈਆਂ ਜਾਣ ਤਾਂ ਜੋ ਫੀਸਾਂ ਦਾ ਮਿਲਾਂਣ ਸਹੀ ਹੋ ਸਕੇ । ਮੇਨ ਕਾਲਜਾਂ ਦੀਆਂ ਫੀਸਾਂ ਸਬੰਧੀ ਰਸੀਦਾਂ ਵੀ ਵੱਖ ਕਟਵਾਈਆਂ ਜਾਣ, ਕਿਉਂਕਿ ਇਨ੍ਹਾਂ ਫੀਸਾਂ ਦਾ ਹਿਸਾਬ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਐਜੂਕੇਸ਼ਨ ਤੋਂ ਵੱਖਰਾ ਹੈ। ਸਾਰੀਆਂ ਫੀਸਾਂ ਦੀਆਂ ਅਸਲ ਰਸੀਦਾਂ ਯੂਨੀਵਰਸਿਟੀ ਨੂੰ ਭੇਜੀਆਂ ਜਾਣ । ਪਾਤਰਤਾ ਫੀਸ ਦੀ ਰਸੀਦ ਪਾਤਰਤਾ ਫਾਰਮ ਨਾਲ ਹੀ ਲਗਾ ਕੇ ਸੰਬੰਧਤ ਸੈਂਟ ਨੂੰ ਵੱਖਰੇ ਤੌਰ ਤੇ ਜਮਾਂ ਕਰਵਾਈ ਜਾਵੇ ।

**13.** ਜਿਹੜੇ ਵੀ ਕੋਰਸ/ਕਲਾਸ ਦੀ ਰਜਿਸਟ੍ਰੇਸ਼ਨ ਰਿਟਰਨ, ਕੰਟੀਨਿਊਸ਼ਨ ਰਿਟਰਨ ਯੂਨੀਵਰਸਿਟੀ ਨੂੰ ਭੇਜਣੀ ਹੈ ਉਸ ਦੇ ਨਾਲ ਕਲਾਸ/ਕੋਰਸ ਦੀਆਂ ਪ੍ਰਵਾਨਿਤ ਸੀਟਾਂ (**Student Sanctioned Strength)** ਬਾਰੇ ਸਰਟੀਫਿਕੇਟ ਜ਼ਰੂਰ ਭੇਜਿਆ ਜਾਵੇ ।

**14.** ਇਹ ਵੀ ਯਕੀਨੀ ਬਣਾਇਆ ਜਾਵੇ ਕਿ ਆਪ ਦੀ ਸੰਸਥਾ ਵਲੋਂ ਉਹੀ ਕੋਰਸ/ਵਿਸ਼ੇ ਪੜਾਏ ਜਾ ਰਹੇ ਹਨ ਜਿੰਨਾਂ ਦੀ ਪ੍ਰਵਾਨਗੀ ਆਪ ਜੀ ਦੇ ਕਾਲਜ ਨੂੰ ਯੂਨੀਵਰਸਿਟੀ ਵਲੋਂ ਮਿਲੀ ਹੋਈ ਹੈ। ਕਿਸੇ ਵੀ ਕਾਲਜ/ਸੰਸਥਾ ਵਿਚ ਜਿਹਨਾਂ ਕੋਰਸਾਂ/ਵਿਸ਼ਿਆਂ ਨੂੰ ਯੂਨੀਵਰਸਿਟੀ ਵਲੋਂ ਰੱਦ ਕੀਤਾ ਜਾਂਦਾ ਹੈ ਉਹਨਾਂ ਕੋਰਸਾਂ/ਵਿਸ਼ਿਆਂ ਵਿਚ ਦੁਬਾਰਾ ਦਾਖਲਾ ਯੂਨੀਵਰਸਿਟੀ ਵਲੋਂ ਪ੍ਰਵਾਨਗੀ ਲੈਣ ਉਪਰੰਤ ਹੀ ਕੀਤਾ ਜਾਵੇ। ਅਜਿਹਾ ਨਾ ਕਰਨ ਤੇ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਕਾਲਜ/ਸੰਸਥਾ ਦੀ ਹੋਵੇਗੀ ।

**15.** ਜੇਕਰ ਯੂਨੀਵਰਸਿਟੀ ਵਲੋਂ ਕੋਈ ਨਵੀਂ ਕਲਾਸ/ਕੋਰਸ ਸ਼ੁਰੂ ਕਰਨ ਦੀ ਸੰਬੰਧਿਤਾ ਪ੍ਰਵਾਨ ਕੀਤੀ ਗਈ ਹੈ ਤਾਂ ਉਸ ਕੋਰਸ ਦੀਆਂ ਸੀਟਾਂ ਕਿੰਨੀਆਂ ਅਲਾਟ ਕੀਤੀਆਂ ਗਈਆਂ ਹਨ, ਦੀ ਜਾਣਕਾਰੀ ਅਤੇ ਪ੍ਰਵਾਨਗੀ ਪੱਤਰ ਦੀ ਕਾਪੀ ਤੋਂ ਇਲਾਵਾ ਉਸ ਕੋਰਸ ਦੇ ਆਰਡੀਨੈਂਸ ਦੀ ਕਾਪੀ ਰਿਟਰਨਾਂ ਨਾਲ ਲਗਾਈ ਜਾਵੇ।

**16.** ਜਿਨ੍ਹਾਂ ਕੋਰਸਾਂ ਵਿਚ ਸੀਟਾਂ ਨਿਰਧਾਰਤ ਹਨ ਉਹਨਾਂ ਦੀਆਂ ਸੀਟਾਂ ਅਤੇ ਕੀਤੇ ਦਾਖਲੇ ਦੀ ਰਿਪੋਰਟ ਦੀ ਇਕ ਕਾਪੀ ਰਜਿਸਟ੍ਰੇਸ਼ਨ ਸ਼ਾਖਾ ਅਤੇ ਇਕ ਕਾਪੀ ਡੀਨ, ਕਾਲਜ ਡਿਵੈਲਪਮੈਂਟ ਕੌਂਸਿਲ ਨੂੰ ਅਤੇ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੰਸਥਾਵਾਂ ਵਲੋਂ ਇਕ ਕਾਪੀ ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਨੂੰ ਭੇਜੀ ਜਾਵੇ।

**17.** ਜਿਸ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਂਦਾ ਹੈ ਉਸ ਦੀ ਸੂਚਨਾ ਨਾਮ ਕੱਟਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਦਫਤਰ ਨੂੰ ਅਵੱਸ਼ ਭੇਜੀ ਜਾਵੇ । ਜੇਕਰ ਇਹ ਸੂਚਨਾ 7 ਦਿਨਾਂ ਦੇ ਅੰਦਰ ਨਹੀਂ ਭੇਜੀ ਜਾਂਦੀ ਹੈ ਤਾਂ ਬਾਅਦ ਵਿਚ ਭੇਜੀ ਸੂਚਨਾ ਉੱਪਰ ਸਬੰਧਿਤ ਬਰਾਂਚ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ।

**18.** ਕਾਲਜਾਂ ਦੇ ਲੇਟ ਦਾਖਲੇ ਦੀ **Approval** ਦੇ ਸਾਰੇ ਕੇਸ ਦਾਖਲੇ ਦੀ ਆਖਰੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ (ਹੇਠਾਂ ਦਿੱਤੇ ਗਏ ਨਮੂਨੇ ਅਨੁਸਾਰ ਪ੍ਰਫਾਰਮੇ ਤੇ ਇੱਕ ਪਰਤ ਅਤੇ ਇਸ ਡਾਟੇ ਦੀ ਕਲਾਸ ਵਾਇਜ **CD** ਬਣਾ ਕੇ) (ਸਮੇਤ ਨਿਰਧਾਰਤ ਲੇਟ ਦਾਖਲਾ ਫੀਸ) ਇਕ ਵਾਰ ਹੀ ਉਪ-ਰਜਿਸਟਰਾਰ (ਰਜਿਸਟ੍ਰੇਸ਼ਨ) ਨੂੰ ਭੇਜੇ ਜਾਣ ਅਤੇ ਯੂਨੀਵਰਸਿਟੀ ਦੇ ਵਿਭਾਗਾਂ ਦੇ ਲੇਟ ਦਾਖਲੇ ਦੀ **Approval** ਦੇ ਸਾਰੇ ਕੇਸ ਉਪ ਰਜਿਸਟਰਾਰ (ਜਨਰਲ) ਨੂੰ ਭੇਜੇ ਜਾਣ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਲੇਟ ਦਾਖਲੇ ਦੀਆਂ ਨਿਰਧਾਰਿਤ ਫੀਸਾਂ ਪੂਰੀਆਂ ਭੇਜੀਆ ਜਾਣ । ਉਸ ਉਪਰੰਤ ਅਜਿਹੇ ਕੇਸ ਪ੍ਰਵਾਨ ਨਹੀਂ ਕੀਤੇ ਜਾਣਗੇ ਅਤੇ ਦਾਖਲਾ ਰੱਦ ਵੀ ਹੋ ਸਕਦਾ ਹੈ। ਇਸ ਸੰਬੰਧੀ ਵੇਰਵਾ ਜਨਰਲ ਸ਼ਾਖਾ ਵਲੋਂ ਜਾਰੀ ਕੀਤੇ ਗਏ ਦਾਖਲੇ ਸ਼ਡਿਊਲ ਵਿਚੋਂ ਵੇਖਿਆ ਜਾਵੇ । ਲੇਟ ਦਾਖਲੇ ਦਾ ਵੇਰਵਾ (ਤਿੰਨ ਪਰਤਾਂ ਵਿਚ) ਹੇਠ ਲਿਖੇ ਵੇਰਵੇ ਸਹਿਤ ਭੇਜਿਆ ਜਾਵੇ :

**ਲੜੀ ਨੰ: ਕਾਲਜ/ਵਿਭਾਗ ਰੋਲ ਨੰ: ਤੇ ਕਲਾਸ ਪਿਤਾ/ ਮਾਤਾ ਦਾ ਨਾਮ ਦਾਖਲੇ ਦੀ ਮਿਤੀ ਲੇਟ ਦਾਖਲੇ ਦਾ ਕਾਰਨ ਫੀਸ**

1. ------------- ------------- ----------- -------------------
2. ------------- ------------- ----------- -------------------
3. ------------- ------------- ----------- -------------------

ਲੇਟ ਦਾਖਲ ਹੋਏ ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ ਭੇਜਣ ਸਮੇਂ ਇਕ ਪ੍ਰਫਾਰਮਾ ਨਾਲ ਜਰੂਰ ਨੱਥੀ ਕੀਤਾ ਜਾਵੇ ਜੋ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਕਲਾਸ | ਕਾਲਜ/ਵਿਭਾਗ ਰੋਲ ਨੰ | ਰਜਿਸਟ੍ਰੇਸ਼ਨ ਰਿਟਰਨ ਜਿਸ ਫਾਰਮ ਵਿਚ ਭੇਜੀ ਜਾ ਰਹੀ ਹੈ | ਕੁਲ ਵਿਦਿਆਰਥੀ |
|---|---|---|---|---|
| 1. | ----- | ------------- | --------------------------------- | ----------- |
| 2. | ----- | ------------- | --------------------------------- | ----------- |
| 3. | ----- | ------------- | --------------------------------- | ----------- |

**19.** ਯੂਨੀਵਰਸਿਟੀ ਕੈਲੰਡਰ **2008**, ਜਿਲਦ ਦੂਜੀ ਦੇ ਪੰਨਾ **26** ਉਤੇ ਲੇਟ ਦਾਖਲੇ ਸੰਬੰਧੀ ਅਧਿਆਦੇਸ਼ 6 ਅਨੁਸਾਰ ਇਸ ਯੂਨੀਵਰਸਿਟੀ ਜਾਂ ਦੂਜੀਆਂ ਪ੍ਰਵਾਨਿਤ ਯੂਨੀਵਰਸਿਟੀਆਂ/ ਬੋਰਡਾਂ ਵਲੋਂ ਜੇਕਰ ਕਿਸੇ ਵਿਦਿਆਰਥੀ ਦਾ ਦਾਖਲਾ ਲੇਟ ਘੋਸ਼ਿਤ ਕੀਤਾ ਜਾਂਦਾ ਹੈ ਤਾਂ ਉਸ ਨੂੰ **Result Notification** ਦੀ ਮਿਤੀ ਤੋਂ 12 ਕੰਮ ਵਾਲੇ ਦਿਨਾਂ ਵਿਚ ਲੇਟ ਫੀਸ ਤੋਂ ਬਗੈਰ ਦਾਖਲਾ ਦਿੱਤਾ ਜਾ ਸਕਦਾ ਹੈ ਜਿਸ ਦੀ ਸੂਚਨਾ ਦਾਖਲੇ ਦੀ ਆਖਰੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਨੂੰ ਦੇਣੀ ਜਰੂਰੀ ਹੋਵੇਗੀ ਤਾਂ ਜੋ ਸੰਬੰਧਤ ਵਿਦਿਆਰਥੀ ਦੀ ਉਸ ਕਲਾਸ ਦੀ ਪਾਤਰਤਾ ਸੰਬੰਧੀ ਫੈਸਲਾ ਕੀਤਾ ਜਾ ਸਕੇ ।**Extra/ Special Chance** ਰਾਹੀ ਪਾਸ ਹੋਏ ਵਿਦਿਆਰਥੀ ਵਲੋਂ ਕਾਲਜ ਵਿਚ ਆਪਣੇ ਰਿਸਕ ਤੇ ਨਾਰਮਲ ਮਿਤੀਆਂ ਵਿਚ **Higher Class** ਵਿਚ **Casual** ਤੌਰ ਤੇ ਦਾਖਲਾ ਹੋਣ ਤੇ ਹੀ ਉਸਦਾ ਦਾਖਲਾ ਨਿਯਮਤ ਕਰਨ ਬਾਰੇ ਰਿਟਰਨ ਭੇਜੀ ਜਾਵੇ ।

**20.** ਜੇਕਰ ਵਿਦਿਆਰਥੀ ਲੇਟ ਦਾਖਲੇ ਦੀਆਂ ਤਰੀਕਾਂ ਦੇ ਸ਼ਡਿਊਲ ਦੌਰਾਨ 10+2/ ਗ੍ਰੈਜੂਏਸ਼ਨ ਦੀ ਕੰਪਾਰਟਮੈਂਟ ਪਾਸ ਕਰ ਲੈਂਦਾ ਹੈ ਤਾਂ ਉਸ ਨੂੰ ਗ੍ਰੈਜੂਏਸ਼ਨ /ਪੋਸਟ ਗ੍ਰੈਜੂਏਸ਼ਨ ਪੱਧਰ ਦੀ ਕਲਾਸ ਵਿਚ ਯੋਗਤਾ ਅਨੁਸਾਰ ਬਣਦੀ ਲੇਟ ਫੀਸ ਨਾਲ ਦਾਖਲ ਕੀਤਾ ਜਾ ਸਕਦਾ ਹੈ । ਜਿਥੇ ਇੰਟਰਨੈਟ ਰਾਹੀ ਪ੍ਰਾਪਤ ਕੀਤਾ ਰਿਜ਼ਲਟ ਮੰਨਣਯੋਗ ਹੋਵੇਗਾ ਉਥੇ ਕਿਸੇ ਵਿਦਿਆਰਥੀ ਵਲੋਂ ਪ੍ਰਾਪਤ ਕੀਤਾ ਪਾਸ ਗੁਪਤ ਰਿਜਲਟ ਵੀ ਮੰਨਿਆ ਜਾਵੇਗਾ । ਨਤੀਜਾ ਘੋਸ਼ਿਤ ਹੋਣ ਵਾਲੀ ਤਰੀਕ ਮੰਨਣਯੋਗ ਹੋਵੇਗੀ ਨਾ ਕਿ ਨਤੀਜਾ ਕਾਰਡ ਜਾਰੀ ਹੋਣ ਵਾਲੀ।

**21.** ਸਰਟੀਫਿਕੇਟ ਲੇਟ ਆਉਣ ਕਰਕੇ ਜੇਕਰ ਕਿਸੇ ਵਿਦਿਆਰਥੀ ਨੂੰ ਦਾਖਲੇ ਲਈ ਅਯੋਗ ਪਾਇਆ ਜਾਂਦਾ ਹੈ ਤਾਂ ਉਸ ਦੀ ਸਾਰੀ ਜਿੰਮੇਵਾਰੀ ਸਬੰਧਤ ਕਾਲਜ/ਸੰਸਥਾ ਦੀ ਹੋਵੇਗੀ ਨਾ ਕਿ ਯੂਨੀਵਰਸਿਟੀ ਦੀ ।

**22.** ਜਿਨ੍ਹਾਂ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਟ ਕੋਰਸਾਂ ਵਿਚ ਦਾਖਲਾ ਦਿੱਤਾ ਜਾਣਾ ਹੈ ਅਤੇ ਜੇਕਰ ਉਹਨਾਂ ਦੇ ਲੋਅਰ ਕਲਾਸ ਵਿਚ 50% ਅੰਕ ਨਹੀਂ ਹਨ ਤਾਂ ਉਹਨਾਂ ਵਿਦਿਆਰਥੀਆਂ ਦੇ ਗ੍ਰੈਜੂਏਸ਼ਨ ਦੇ ਪਾਰਟ 1,( ਸਮੈਸਟਰ I & II ) ਪਾਰਟ 2, ( ਸਮੈਸਟਰ III & IV ) ਪਾਰਟ 3, (ਸਮੈਸਟਰ V & VI ) ਦੇ ਅੰਕ ਵੇਰਵਾ ਕਾਰਡ ਇਸ ਦਫਤਰ ਨੂੰ ਭੇਜੇ ਜਾਣ।

23. ਗਰੀਬ ਵਿਦਿਆਰਥੀਆਂ ਲਈ ਪੰਜ-ਪੰਜ ਸੀਟਾਂ ਰਾਖਵੀਆਂ ਕਰਨ ਸੰਬੰਧੀ ਕਾਲਜ ਸ਼ਾਖਾ ਵਲੋਂ ਜਾਰੀ ਕੀਤੇ ਗਏ ਪੱਤਰ ਨੰ: **2430-63**/ਕਾਲਜਾਂ ਮਿਤੀ **29-02-16** ਅਨੁਸਾਰ ਸੰਬੰਧਿਤ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ 100000/- ਰੁਪਏ (ਇਕ ਲੱਖ) ਸਲਾਨਾ ਆਮਦਨ ਦਾ **Affidavit** ਉਨ੍ਹਾਂ ਵਿਦਿਆਰਥੀਆਂ ਦੀ ਦਾਖਲਾ ਰਿਟਰਨ ਨਾਲ ਇਸ ਸ਼ਾਖਾ ਨੂੰ ਭੇਜਿਆ ਜਾਵੇ । **Affidavit** ਭੇਜਣ ਦੀ ਸੂਰਤ ਵਿਚ ਹੀ ਇਹ ਸੀਟਾਂ ਇਸ ਕੈਟਾਗਰੀ ਵਿਚ ਰਾਖਵੀਆਂ ਮੰਨਣ ਯੋਗ ਹੋਣਗੀਆਂ ।-

24. Discrepancy ਰਾਹੀਂ ਮੰਗਵਾਏ ਜਾਂਦੇ ਦਸਤਾਵੇਜ਼ ਤੁਰੰਤ ਭੇਜੇ ਜਾਣ।

25. ਪੇਪਰ ਸ਼ੁਰੂ ਹੋਣ ਤੋਂ 1 **ਮਹੀਨਾ** ਪਹਿਲਾਂ ਕਾਲਜ ਕਲਰਕ ਨਿਜੀ ਤੌਰ ਤੇ ਆ ਕੇ ਪਾਤਰਤਾ ਸਬੰਧੀ ਰਹਿੰਦੇ ਵੇਰਵੇ ਤਸਦੀਕ ਕਰਵਾਉਣਗੇ ਨਾ ਕਿ ਪੇਪਰ ਸ਼ੁਰੂ ਹੋਣ ਤੋਂ ਇਕ-ਦੋ ਦਿਨ ਪਹਿਲਾਂ।

26. ਪਾਤਰਤਾ ਜਾਂ ਫੀਸਾਂ ਸਬੰਧੀ ਕੰਮ ਨੂੰ ਕਰਵਾਉਣ ਲਈ ਜੇਕਰ ਨਿਜੀ ਤੌਰ ਤੇ ਕਾਲਜ ਦੇ ਕਰਮਚਾਰੀ ਨੂੰ ਭੇਜਣਾ ਹੋਵੇ ਤਾਂ ਸਬੰਧਤ ਕਰਮਚਾਰੀ ਨੂੰ ਹੀ ਭੇਜਿਆ ਜਾਵੇ ਜਿਸ ਨੂੰ ਪਾਤਰਤਾ/ਰਿਟਰਨਾਂ/ਫੀਸਾਂ ਆਦਿ ਦੇ ਸਬੰਧ ਵਿਚ ਸਾਰੇ ਕੰਮ ਦਾ ਜਾਣਕਾਰੀ ਹੋਵੇ । ਕਾਲਜ ਦੇ ਟੀਚਰ ਜਾਂ ਸੇਵਾਦਾਰ ਨੂੰ ਨਾ ਭੇਜਿਆ ਜਾਵੇ। ਇਸ ਮਕਸਦ ਲਈ ਕਾਲਜ ਵਿਦਿਆਰਥੀਆਂ ਨੂੰ ਦਫ਼ਤਰ ਵਿਖੇ ਨਾ ਭੇਜਿਆ ਜਾਵੇ।

**27. ਕਿਸੇ ਵੀ ਕੋਰਸ ਲਈ ਵਿਦਿਆਰਥੀ ਦੀ ਯੋਗਤਾ ਚੈਕ ਕਰਨਾ ਜ਼ਰੂਰੀ ਹੈ। ਗਲਤ ਦਾਖਲਾ ਦੇਣ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ । ਵਿਦਿਆਰਥੀਆਂ ਦੀ ਯੋਗਤਾ ਸਬੰਧੀ ਕੋਈ ਵੀ ਇਨਕੁਆਰੀ ਸਬੰਧਤ ਕਾਲਜ ਵਲੋਂ ਕਰਨੀ ਬਣਦੀ ਹੈ ਕਿਉਂਕਿ ਵਿਦਿਆਰਥੀਆਂ ਨੂੰ ਦਫਤਰੀ ਕੰਮ ਸਬੰਧੀ ਜਾਣਕਾਰੀ ਨਹੀਂ ਹੁੰਦੀ। ਇਸ ਦੇ ਨਾਲ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਟੈਲੀਫੋਨ ਤੇ ਇੰਕੁਆਰੀ ਕੇਵਲ ਜ਼ਰੂਰੀ ਹਲਾਤਾਂ ਵਿਚ ਹੀ ਕੀਤੀ ਜਾਵੇ ।**

<u>ਨੋਟ:- ਪ੍ਰੀਖਿਆਂ ਦਾਖਲਾ ਫਾਰਮ ਭੇਜਦੇ ਸਮੇਂ ਧਿਆਨ ਦੇਣ ਯੋਗ:-</u> ਕਾਲਜ/ ਕਮਿਊਨਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੰਸਥਾਵਾਂ ਵਲੋਂ ਵੱਖ-2 ਪ੍ਰੀਖਿਆਵਾਂ ਲਈ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਭੇਜਦੇ ਸਮੇਂ ਪ੍ਰੀਖਿਆ ਫਾਰਮ ਦੇ ਪਹਿਲੇ ਪੰਨੇ ਦੇ ਉਪਰ ਹਰ ਵਿਦਿਆਰਥੀ ਦਾ ਕਲਾਸ ਰੋਲ ਨੰਬਰ, ਰਜਿਸਟ੍ਰੇਸ਼ਨ ਨੰਬਰ, ਮੋਬਾਇਲ ਨੰਬਰ ਅਤੇ ਉਸ ਦੀ ਕੈਟਗਿਰੀ (SC/ST,BC) ਜ਼ਰੂਰ ਲਿਖ ਕੇ ਭੇਜੇਗਾ ਅਤੇ ਸਮੈਸਟਰ ਤੀਜਾ ਅਤੇ ਸਮੈਸਟਰ ਪੰਜਵਾਂ ਦੇ ਵਿਦਿਆਰਥੀ ਦੇ ਪ੍ਰੀਖਿਆ ਫਾਰਮ ਵਿੱਚ ਹੇਠਲੀ ਕਲਾਸ ਦਾ ਰੋਲ ਨੰਬਰ ਅਤੇ ਸੈਸ਼ਨ ਲਿਖਣਾ ਵੀ ਯਕੀਨੀ ਬਣਾਉਣਗੇ ।

ਉਮੀਦ ਹੈ ਕਿ ਆਪ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੂਰਾ ਸਹਿਯੋਗ ਦੇਵੋਗੇ ।

ਵਿਸ਼ਵਾਸ-ਪਾਤਰ,

ਸ੍ਰੀ ਹ/-

ਉਪ-ਰਜਿਸਟਰਾਰ (ਰਜਿਸਟ੍ਰੇਸ਼ਨ)
ਵਾ.ਰਜਿਸਟਰਾਰ

ਪਿੱਠ ਅੰਕਣ ਨੰ:2515-2815/ਰਜਿ

ਮਿਤੀ: 3-6-2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ, ਵਾਈਸ ਚਾਂਸਲਰ ਜੀ ।
2. ਨਿੱਜੀ ਸਹਾਇਕ, ਰਜਿਸਟਰਾਰ ਜੀ
3. ਨਿੱਜੀ ਸਹਾਇਕ ਡੀਨ , ਵਿਦਿਅਕ ਮਾਮਲੇ ਜੀ।
4. ਪ੍ਰੋ: ਇੰਚਾਰਜ (ਪ੍ਰੀਖਿਆਵਾਂ)
5. ਡੀਨ ਕਾਲਜ ਵਿਕਾਸ ਕੌਂਸਲ।
6. ਡਾਇਰੈਕਟਰ, ਕਮਿਊਨਟੀ ਇਨਹਾਂਸਮੈਂਟ ਪ੍ਰੋਗਰਾਮ
7. ਪ੍ਰੋ: ਇੰਚਾਰਜ, ਵਿੱਤ ਅਤੇ ਵਿਕਾਸ ।
8. ਸਿਸਟਮ ਮੈਨੇਜਰ, ਕੰਪਿਊਟਰ ਸੈਕਸ਼ਨ (ਪ੍ਰੀਖਿਆਵਾਂ ਵਿੰਗ)
9. ਸਹਾਇਕ ਰਜਿਸਟਰਾਰ, ਪ੍ਰੀਖਿਆਵਾਂ -1,2,3
10. ਸਹਾਇਕ, ਪਾਤਰਤਾ ਸੈਕਸ਼ਨ ।
11. ਸਹਾਇਕ, ਰਜਿਸਟ੍ਰੇਸ਼ਨ ਏ -1,2,3,4

3/6/16

ਉਪ -ਰਜਿਸਟਰਾਰ (ਰਜਿਸਟ੍ਰੇਸ਼ਨ)
ਵਾ.ਰਜਿਸਟਰਾਰ ।

3/6/16

ਪ੍ਰੋਫੈਸਰ ਇੰਚਾਰਜ(ਕੰਟਰੋਲਰ ਪ੍ਰੀਖਿਆਵਾਂ)
3/6/2016

ਰਜਿਸਟਰਾਰ ਜੀ
3/6/16

## ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

(ਰਜਿਸਟ੍ਰੇਸ਼ਨ ਸ਼ਾਖਾ)

| | |
|---|---|
| ਵਲੋਂ:- ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ । | 1. ਯੂਨੀਵਰਸਿਟੀ ਟੀਚਿੰਗ ਵਿਭਾਗਾਂ ਦੇ ਸਮੂਹ ਮੁਖੀ ਸਾਹਿਬਾਨ। |
| | 2. ਇਸ ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ । |
| | 3. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਜਲੰਧਰ । |
| | 4. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਗੁਰਦਾਸਪੁਰ । |
| | 5. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਫੱਤੂ ਢੀਗਾਂ, ਸੁਲਤਾਨਪੁਰ ਲੋਧੀ। |
| | 6. ਐਸੋਸੀਏਟ ਡੀਨ,ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸਠਿਆਲਾ (ਬਾਬਾ ਬਕਾਲਾ) । |
| | 7. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ । |
| | 8. ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿਲ ਮੈਮੋਰੀਅਲ ਕਾਲਜ, ਮੁਕੰਦਪੁਰ । |
| | 9. ਪ੍ਰਿੰਸੀਪਲ, ਸ਼ਹੀਦ ਰਾਮ ਸਿੰਘ ਪਠਾਣੀਆਂ ਮੈਮੋਰੀਅਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਿਆੜੀ (ਗੁਰਦਾਸਪੁਰ)। |
| | 10. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ । |
| | 11. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ-ਤਾਰਨ । |
| | 12. ਪ੍ਰਿੰਸੀਪਲ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ । |
| | 13. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਗੁਰਦਾਸਪੁਰ । |
| | 14. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ, ਤਰਨਤਾਰਨ । |
| | 15. ਇਸ ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਸੰਸਥਾਵਾਂ ਦੇ ਕੋ-ਆਰਡੀਨੇਟਰ ਸਾਹਿਬਾਨ |

**ਨੰਬਰ** :2515-2815/**ਰਜਿ** **ਮਿਤੀ** :3-6-2016

ਰਜਿਸਟਰਾਰ

**ਵਿਸ਼ਾ:- ਸੈਸ਼ਨ 2016-17 ਦੌਰਾਨ ਲਈਆਂ ਜਾਣ ਵਾਲੀਆਂ ਫੀਸਾਂ ਸਬੰਧੀ ।**

ਸ੍ਰੀਮਾਨ ਜੀ/ ਮੈਡਮ,

ਸੈਸ਼ਨ 2016-17 ਦੌਰਾਨ ਜਿੰਨਾਂ ਵਿਦਿਆਰਥੀਆਂ ਨੂੰ ਤੁਹਾਡੇ ਵਲੋਂ ਆਪਣੇ ਕਾਲਜ/ਯੂਨੀਵਰਸਿਟੀ ਵਿਭਾਗ/ਸੰਸਥਾਂ ਵਿਚ ਦਾਖਲਾ ਦਿੱਤਾ ਜਾਣਾ ਹੈ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਰਜਿਸਟ੍ਰੇਸ਼ਨ ਨਾਲ ਸਬੰਧਿਤ ਫੀਸਾਂ ਲਈਆਂ ਜਾਣ ਅਤੇ ਉਸ ਉਪਰੰਤ ਇਹ ਫੀਸਾਂ ਦਾਖਲਾ ਰਿਟਰਨਾਂ ਦੇ ਨਾਲ ਇੱਕ ਮਹੀਨੇ ਦੇ ਅੰਦਰ-ਅੰਦਰ ਯੂਨੀਵਰਸਿਟੀ ਨੂੰ ਭੇਜੀਆ ਜਾਣ:-

**1. ਹੇਠ ਲਿਖੀ (A) ਤੋਂ (E) ਤੱਕ ਫੀਸ ਵਿਚੋਂ ਕੋਈ ਇਕ ਅਨੁਸਾਰ ਪ੍ਰਤੀ ਵਿਦਿਆਰਥੀ ਲਈ ਜਾਣ ਵਾਲੀ ਫੀਸ ਦਾ ਵੇਰਵਾ:-**

| | | |
|---|---|---|
| (A) | ਜਿਹੜੇ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੈ ("ੳ" ਰਿਟਰਨ ਅਨੁਸਾਰ )। | ਰਜਿਸਟ੍ਰੇਸ਼ਨ ਫੀਸ 300 ਰੁਪਏ<br>ਐਨਰੋਲਮੈਂਟ ਫੀਸ 250 ਰੁਪਏ |
| (B) | ਜਿਹੜੇ ਵਿਦਿਆਰਥੀ ਦੂਜੀਆਂ ਯੂਨੀਵਰਸਿਟੀ/ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਹਨ("ਅ" ਰਿਟਰਨ ਅਨੁਸਾਰ )। | ਸਪੈਸ਼ਲ ਮਾਈਗ੍ਰੇਸ਼ਨ ਫੀਸ 300 ਰੁਪਏ<br>ਰਜਿਸਟ੍ਰੇਸ਼ਨ ਫੀਸ 300 ਰੁਪਏ |
| (C) | ਜਿਹੜੇ ਵਿਦਿਆਰਥੀ ਦੁਬਾਰਾ ਬਾਹਰਲੀ ਯੂਨੀਵਰਸਿਟੀਆਂ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਹਨ ਅਤੇ ਇਸ ਯੂਨੀਵਰਸਿਟੀ ਨਾਲ ਪਹਿਲਾਂ ਵੀ ਰਜਿਸਟਰਡ ਹਨ ("ਅ" ਰਿਟਰਨ ਅਨੁਸਾਰ )। | ਸਪੈਸ਼ਲ ਮਾਈਗ੍ਰੇਸ਼ਨ ਫੀਸ 300 ਰੁਪਏ<br>ਕਾਂਟੀਨਿਊਸ਼ਨ ਫੀਸ 200 ਰੁਪਏ |
| (D) | ਜਿਹੜੇ ਵਿਦਿਆਰਥੀ ਇਸ ਯੂਨੀਵਰਸਿਟੀ ਨਾਲ ਪਹਿਲਾਂ ਹੀ ਰਜਿਸਟਰਡ ਹਨ ("ੲ" ਰਿਟਰਨ ਅਨੁਸਾਰ)। | ਕਾਂਟੀਨਿਊਸ਼ਨ ਫੀਸ 200 ਰੁਪਏ |
| (E) | ਜਿਹੜੇ ਵਿਦਿਆਰਥੀ ਇਸ ਯੂਨੀਵਰਸਿਟੀ ਨਾਲ ਪਹਿਲਾਂ ਰਜਿਸਟਰਡ ਹਨ ਅਤੇ ਉਹਨਾਂ ਨੇ ਬੀ.ਏ/ਬੀ.ਐਸ.ਸੀ. ਆਦਿ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਅਗਲੇਰੀ ਉਚੇਰੀ **PG** ਕਲਾਸ ਵਿਚ ਦਾਖਲਾ ਲਿਆ ਹੈ ("ਸ" ਰਿਟਰਨ ਅਨੁਸਾਰ )। | ਮੁੜ-ਚੈਕਿੰਗ ਫੀਸ 200 ਰੁਪਏ |
| 2 | ਸਟੂਡੈਂਟ ਹੋਲੀਡੇ ਹੋਮ ਫੀਸ | 60 ਰੁਪਏ |
| 3 | ਵਰਲਡ ਯੂਨੀਵਰਸਿਟੀ ਸਰਵਿਸ ਫੀਸ | 25 ਰੁਪਏ |
| 4 | ਐਯੂਸੈਟ ਫੀਸ (Edusat Fee)। ਯੂਨੀਵਰਸਿਟੀ ਲਈ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ-30/-ਰੁ: ਅਤੇ ਕਾਲਜ ਦੇ ਵਿਚ Edusat ਵਿਕਾਸ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ-20/-ਰੁ:(ਕੁਲ ਫੀਸ 50/- ਰੁਪਏ) (ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਚੱਲ ਰਹੀਆਂ ਸੰਸਥਾਵਾਂ ਨੂੰ ਛੱਡ ਕੇ) | Nil |
| 5 | (ੳ) ਵੈਰੀਫਿਕੇਸ਼ਨ ਫੀਸ-ਇਹ ਫੀਸ ਉਨ੍ਹਾਂ ਵਿਦਿਆਰਥੀਆਂ ਤੋਂ ਲਈ ਜਾਣੀ ਹੈ ਜਿਨ੍ਹਾਂ ਨੇ ਹੇਠਲੀ ਪ੍ਰੀਖਿਆਂ (ਪੰਜਾਬ ਸਰਕਾਰ ਦੀਆਂ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ **(Regular/ Correspondence/Private Mode Only),** ਅਤੇ ਪੰਜਾਬ ਸਕੂਲ ਐਜੁਕੇਸ਼ਨ ਬੋਰਡ ਨੂੰ ਛੱਡ ਕੇ) ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕੀਤੀ ਹੈ। ਇਹ ਫੀਸ ਉਪਰੋਕਤ "ਬੀ" ਕੈਟਾਗਰੀ ਵਾਲੇ ਵਿਦਿਆਰਥੀਆਂ ਪਾਸੋਂ ਲਈ ਜਾਣੀ ਹੈ । | 1000/-ਰੁਪਏ |
| 6 | ਵੈਰੀਫਿਕੇਸ਼ਨ ਫੀਸ-ਇਹ ਫੀਸ ਉਨ੍ਹਾਂ ਵਿਦਿਆਰਥੀਆਂ ਤੋਂ ਲਈ ਜਾਣੀ ਹੈ ਜਿਨ੍ਹਾਂ ਨੇ ਹੇਠਲੀ ਪ੍ਰੀਖਿਆਂ (ਪੰਜਾਬ/ ਭਾਰਤ ਦੇਸ਼ ਨੂੰ ਛੱਡ ਕੇ) ਕਿਸੇ ਬਾਹਰਲੇ ਦੇਸ਼ ਦੇ ਕਿਸੇ ਬੋਰਡ/ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ।ਇਹ ਫੀਸ ਇਸ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ ਲੈਣ ਸਮੇਂ ਫਾਰਮ ਨਾਲ ਭੇਜੀ ਜਾਣੀ ਹੈ :- (ੳ) ਪਾਤਰਤਾ ਫੀਸ (ਅ) ਵੈਰੀਫਿਕੇਸ਼ਨ ਫੀਸ | **(ੳ) 3000/** ਰੁਪਏ **(ਅ) 3500/** ਰੁਪਏ |
| 7. | **ਪਾਤਰਤਾ ਫੀਸ _ ਪੰਜਾਬ ਸਰਕਾਰ ਦੀਆਂ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ (Regular/ Correspondence/Private Mode Only), ਅਤੇ ਪੰਜਾਬ ਸਕੂਲ ਐਜੁਕੇਸ਼ਨ ਬੋਰਡ ਨੂੰ ਛੱਡ ਕੇ ਬਾਕੀ ਬੋਰਡਾਂ/ਯੂਨੀਵਰਸਿਟੀਆਂ ਤੋਂ ਹੇਠਲੀ ਕਲਾਸ ਪਾਸ ਕਰਕੇ ਆਏ ਵਿਦਿਆਰਥੀਆਂ ਲਈ ।** | 200 ਰੁਪਏ |
| 8 | ਸਪੋਰਟਸ /ਡਿਵੈਲਪਮੈਂਟ ਫੀਸ | 355 ਰੁਪਏ |
| 9 | ਯੂਥ ਵੈਲਫੇਅਰ ਫੀਸ | 150 ਰੁਪਏ |

## Fees for Capacity Enhancement Programme :-

ਉਪਰੋਕਤ ਲੜੀ ਨੰ: 1 ਤੋਂ 5 ਤੱਕ ਵਿਦਿਆਰਥੀ ਪਾਸੋਂ ਲਈਆਂ ਜਾਣ ਵਾਲੀਆਂ ਵੱਖ-ਵੱਖ ਦਾਖਲਾ ਫੀਸਾਂ ਤੋਂ ਇਲਾਵਾ **ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ** ਅਧੀਨ ਚਲ ਰਹੇ ਇੰਸਟੀਟਿਊਸ਼ਨਾਂ ਵਲੋਂ ਹੇਠ ਲਿਖੀਆਂ ਫੀਸਾਂ ਵੀ ਯੂਨੀਵਰਸਿਟੀ ਨੂੰ ਭੇਜੀਆਂ ਜਾਣੀਆਂ ਹਨ:-

(ੳ) ਯੂਨੀਵਰਸਿਟੀ ਵਿਕਾਸ ਈ.ਮੇਲ ਫੀਸ :- 50/-ਰੁ:
ਪ੍ਰਤੀ ਵਿਦਿਆਰਥੀ

(ਅ) ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਡਿਵੈਲਪਮੈਂਟ ਫੀਸ :- 600/- ਰੁ:
ਪ੍ਰਤੀ ਵਿਦਿਆਰਥੀ

ਉਪਰੋਕਤ ਫੀਸਾਂ ਤੋਂ ਇਲਾਵਾ (As Enrollment Fee) ਹੇਠ ਲਿਖੇ ਅਨੁਸਾਰ ਸਲਾਨਾ ਫੀਸਾਂ ਲਈਆਂ ਜਾਣੀਆਂ ਹਨ :

| | | **ਕੈਟਾਗਰੀ-ਏ** | **ਕੈਟਾਗਰੀ-ਬੀ** | **ਕੈਟਾਗਰੀ-ਸੀ** | |
|---|---|---|---|---|---|
| 1 | ਅੰਡਰ ਗਰੈਜੂਏਟ ਕੋਰਸ | 22000/- ਰੁ: | 10000/- ਰੁ: | 2500 ਰੁ: | ਸਿਰਫ ਬੀ.ਏ ।ਸਲਾਨਾ ਫੀਸ ਦਾ 20% ਯੂਨੀਵਰਸਿਟੀ ਹਿੱਸਾ ਲਿਆ ਜਾਵੇਗਾ । |
| | | | | 6000 ਰੁ: | ਹੋਰ ਬਾਕੀ ਸਾਰੀਆਂ ਕਲਾਸਾਂ / ਕੋਰਸਾਂ ਵਾਸਤੇ 30% ਯੂਨੀਵਰਸਿਟੀ ਹਿੱਸਾ ਲਿਆ ਜਾਵੇਗਾ। |
| 2 | ਪੋਸਟ ਗਰੇਜੂਏਟ ਕੋਰਸ | 25000/- ਰੁ: | 12000/- ਰੁ: | 8000/- ਰੁ: | 30% ਯੂਨੀਵਰਸਿਟੀ ਹਿੱਸਾ ਲਿਆ ਜਾਵੇਗਾ)। |
| 3. | **ਡਿਪਲੋਮਾ ਕੋਰਸ :-** | | | | |
| | 1 ਪੋਸਟ ਗਰੇਜੂਏਟ | 22000 - ਰੁ: | 10000/- ਰੁ: | 6000/- ਰੁ: | 30% ਯੂਨੀਵਰਸਿਟੀ ਹਿੱਸਾ ਲਿਆ ਜਾਵੇਗਾ)। |
| | 2 ਅੰਡਰ ਗਰੈਜੂਏਟ/ ਸਰਟੀਫੀਕੇਟ ਕੋਰਸ | 15000 - ਰੁ: | 6000/- ਰੁ: | 2500/- ਰੁ: | 30% ਯੂਨੀਵਰਸਿਟੀ ਹਿੱਸਾ ਲਿਆ ਜਾਵੇਗਾ)। |

**ਸੈਸ਼ਨ 2016-17 ਤੋਂ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਦੀ ਫੀਸਾਂ ਸਬੰਧੀ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੋਵੇਗੀ:-**

**1.** ਸੰਸਥਾ ਵਿਦਿਆਰਥੀਆਂ ਪਾਸੋਂ ਸਾਲਾਨਾ ਫੀਸ (ਯੂਨੀਵਰਸਿਟੀ ਫੀਸ ਤੋਂ ਬਗੈਰ) ਹੇਠ ਲਿਖੇ ਅਨੁਸਾਰ ਪ੍ਰਾਪਤ ਕਰੇਗੀ:-

| **ਪਹਿਲੀ ਕਿਸ਼ਤ** | **ਦਾਖਲਾ ਸਮੇਂ** | **ਕੁਲ ਫੀਸ ਦਾ 40%** |
|---|---|---|
| **ਦੂਜੀ ਕਿਸ਼ਤ** | **ਹਰ ਹਾਲਤ ਵਿਚ 15 ਨਵੰਬਰ ਤੱਕ** | **ਕੁਲ ਫੀਸ ਦਾ 30%** |
| **ਤੀਜੀ ਕਿਸ਼ਤ** | **ਹਰ ਹਾਲਤ ਵਿਚ 15 ਜਨਵਰੀ ਤੱਕ** | **ਕੁਲ ਫੀਸ ਦਾ 30%** |

2. ਵਿਦਿਆਰਥੀਆਂ ਪਾਸੋਂ ਪ੍ਰਾਪਤ ਕੀਤੀ ਫੀਸ ਸਬੰਧਤ ਸੰਸਥਾ ਵਲੋਂ ਇਸ ਯੂਨੀਵਰਸਿਟੀ ਵਿਚ ਹੇਠ ਲਿਖੇ ਸ਼ਡਿਊਲ ਅਨੁਸਾਰ ਜਮਾਂ ਕਰਵਾਈ ਜਾਵੇਗੀ:-

| | |
|---|---|
| ਪਹਿਲੀ ਕਿਸ਼ਤ | 30 ਸਤੰਬਰ ਤੱਕ |
| ਦੂਜੀ ਕਿਸ਼ਤ | 30 ਨਵੰਬਰ ਤੱਕ |
| ਤੀਜੀ ਕਿਸ਼ਤ | 31 ਜਨਵਰੀ ਤੱਕ |

3. ਜੇਕਰ ਸੰਸਥਾ ਵਲੋਂ ਨਿਰਧਾਰਤ ਮਿਤੀ ਤੱਕ ਫੀਸ ਜਮਾਂ ਨਹੀਂ ਕਰਵਾਈ ਜਾਂਦੀ ਤਾਂ ਉਸ ਤੋਂ ਅਗਲੇ ਮਹੀਨੇ ਦੀ ਇਕ ਤਰੀਕ ਤੋਂ 10% ਪ੍ਰਤੀ ਮਹੀਨੇ ਦੇ ਹਿਸਾਬ ਨਾਲ ਜੁਰਮਾਨਾ ਫੀਸ ਵਸੂਲੀ ਜਾਵੇਗੀ।

4. ਜੇਕਰ ਸੰਸਥਾ ਵਲੋਂ ਨਿਰਧਾਰਤ ਮਿਤੀ ਤੋਂ ਇਕ ਮਹੀਨੇ ਤੱਕ ਫੀਸ ਜਮਾਂ ਨਹੀਂ ਕਰਵਾਈ ਜਾਂਦੀ ਤਾਂ ਨਿਰਧਾਰਤ ਮਿਤੀ ਤੋਂ ਬਕਾਇਆ ਰਕਮ ਤੇ 12% ਪ੍ਰਤੀ ਮਹੀਨੇ ਦੇ ਹਿਸਾਬ ਨਾਲ ਜੁਰਮਾਨਾ ਫੀਸ ਵਸੂਲੀ ਜਾਵੇਗੀ।

5. ਸੰਸਥਾ ਵਲੋਂ ਸਾਰੀ ਬਣਦੀ ਫੀਸ ਜੁਰਮਾਨੇ ਸਮੇਤ 15 ਮਾਰਚ ਤੱਕ ਜਮਾਂ ਕਰਵਾਉਣੀ ਯਕੀਨੀ ਬਣਾਇਆ ਜਾਵੇ ਨਹੀਂ ਤਾਂ ਸਬੰਧਤ ਸੈਸ਼ਨ ਦੇ ਸਾਰੀਆਂ ਕਲਾਸਾਂ ਦੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ।

6. ਵੱਖ-ਵੱਖ ਕਲਾਸਾਂ/ ਕੋਰਸਾਂ ਦੀ ਕੈਟਾਗਰੀ-ਵਾਈਜ਼ ਫੀਸਾਂ ਦਾ ਵੇਰਵਾ ਅਤੇ ਬਾਕੀ ਸ਼ਰਤਾਂ Capacity Enhancement Programme/ Brochureਵਿਚ ਦਿੱਤਾ ਗਿਆ ਹੈ ਜੋ ਯੂਨੀਵਰਸਿਟੀ ਦੇ Director Capacity Enhancement Programme ਦਫਤਰ ਪਾਸੋਂ ਪ੍ਰਾਪਤ ਕੀਤਾ ਜਾਵੇ ਅਤੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇ ।

7. Brochure ਵਿਚ ਦਿੱਤੀਆਂ ਫੀਸਾਂ ਵਿਚ ਕਿਸੇ ਸਮੇਂ ਵੀ ਵਾਧਾ ਕੀਤਾ ਜਾ ਸਕਦਾ ਹੈ ।

ਨੋਟ:- **ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਦਾਖਲ ਕੀਤੇ ਗਏ ਵਿਦਿਆਰਥੀਆਂ ਕੋਲੋਂ ਸਟੂਡੈਂਟ ਹੋਲੀਡੇ ਹੋਮ ਫੀਸ ਚਾਰਜ ਨਹੀਂ ਕੀਤੀ ਜਾਵੇਗੀ ।**

ਉਮੀਦ ਹੈ ਕਿ ਆਪ ਦਾਖਲੇ ਉਪਰੰਤ ਯੂਨੀਵਰਸਿਟੀ ਵਲੋਂ ਲਈਆਂ ਜਾਣ ਵਾਲੀਆਂ ਫੀਸਾਂ ਦਾਖਲਾ ਰਿਟਰਨ ਸਮੇਤ ਨਿਰਧਾਰਤ ਸਮੇਂ ਵਿਚ ਭੇਜਣ ਦੀ ਕ੍ਰਿਪਾਲਤਾ ਕਰੋਗੇ ।

ਵਿਸ਼ਵਾਸਪਾਤਰ

ਉਪ -ਰਜਿਸਟਰਾਰ(ਰਜਿਸਟ੍ਰੇਸ਼ਨ)
ਵਾ. ਰਜਿਸਟਰਾਰ ।

ਪਿੱਠ ਅੰਕਣ ਨੰ: 2515-2815 /ਰਜਿ ਮਿਤੀ: 3-6-2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਨਿੱਜੀ ਸਹਾਇਕ, ਵਾਈਸ ਚਾਂਸਲਰ ਜੀ ।
2. ਨਿੱਜੀ ਸਹਾਇਕ, ਰਜਿਸਟਰਾਰ ਜੀ
3. ਨਿੱਜੀ ਸਹਾਇਕ ਡੀਨ , ਵਿਦਿਅਕ ਮਾਮਲੇ ਜੀ।
4. ਪ੍ਰੋ: ਇੰਚਾਰਜ (ਪ੍ਰੀਖਿਆਵਾਂ)
5. ਡੀਨ ਕਾਲਜ ਵਿਕਾਸ ਕੌਂਸਲ
6. ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
7. ਪ੍ਰੋ: ਇੰਚਾਰਜ, ਵਿੱਤ ਅਤੇ ਵਿਕਾਸ ।
8. ਸਿਸਟਮ ਮੈਨੇਜਰ, ਕੰਪਿਊਟਰ ਸੈਕਸ਼ਨ (ਪ੍ਰੀਖਿਆਵਾਂ ਵਿੰਗ)
9. ਸਹਾਇਕ ਰਜਿਸਟਰਾਰ, ਪ੍ਰੀਖਿਆਵਾਂ -1,2,3
10. ਸਹਾਇਕ, ਪਾਤਰਤਾ ਸੈਕਸ਼ਨ ।
11. ਸਹਾਇਕ, ਰਜਿਸਟ੍ਰੇਸ਼ਨ ਏ -1,2,3,4

ਉਪ -ਰਜਿਸਟਰਾਰ(ਰਜਿਸਟ੍ਰੇਸ਼ਨ)
ਵਾ. ਰਜਿਸਟਰਾਰ ।

ਪ੍ਰੋਫੈਸਰ ਇੰਚਾਰਜ(ਕੰਟਰੋਲਰ ਪ੍ਰੀਖਿਆਵਾਂ)

ਰਜਿਸਟਰਾਰ ਜੀ